


ਮਨਿ ਆਸ ਘਨੇਰੀ

ਗਿ: ਮਾਨ ਸਿੰਘ ਝੌਰ ਦੇ ਚੋਣਵੇਂ ਲੇਖ

ਮਨਿ ਆਸ ਘਨੇਰੀ

ਤਤਕਰਾ

☆☆☆

ੴ ਸਤਿਗੁਰ ਪ੍ਰਸਾਦਿ ॥

ਮਨਿ ਆਸ ਘਨੇਰੀ

ਗਿ: ਮਾਨ ਸਿੰਘ ਝੌਰ ਦੇ ਚੋਣਵੇਂ ਲੇਖ

ਪ੍ਰਕਾਸ਼ਕ :-
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

Mane Aas Ghaneri

by

Giani Maan Singh Jhaur

ISBN : 978-93-80323-93-0

ਪਹਿਲੀ ਐਡੀਸ਼ਨ — ਜੁਲਾਈ 2010

ਭੇਟਾ : 60-00

ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : 91-183-2542346, 2547974, 5011003

ਫੈਕਸ : 91-183-5017488

E.Mail : csjssales@hotmail.com

csjspurchase@yahoo.com

csjsexports@vsnl.com

Web site : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਗਿ: ਮਾਨ ਸਿੰਘ ਝੌਰ ਦੇ ਚੋਣਵੇਂ ਲੇਖਾਂ ਦੀਆਂ ਹੋਰ ਛਪੀਆਂ ਪੁਸਤਕਾਂ

1. ਨਾਮ ਖੁਮਾਰੀ
2. ਸਿੱਖ ਧਰਮ
3. ਈਸ਼ਵਰ ਭਗਤੀ
4. ਕਲਯੁਗ ਦਾ ਪ੍ਰਭਾਵ
5. ਮਾਇਆ ਦਾ ਪ੍ਰਭਾਵ
6. ਸੱਚੀ ਕਿਰਤ
7. ਗੁਨਾਹ ਕਿਸ ਤਰ੍ਹਾਂ ਮੁਆਫ਼ ਹੋਣ ?
8. ਬੰਦਗੀ ਬਿਨਾਂ ਕੋਈ ਸੁੱਖ ਪ੍ਰਾਪਤ ਨਹੀਂ
9. ਵਾਹਿਗੁਰੂ ਨੂੰ ਕੀ ਚੰਗਾ ਲਗਦਾ ਹੈ ?
10. ਸਾਧੂ ਕਿਵੇਂ ਸੰਤ ਬਣਦਾ ਹੈ ?
11. ਗੋਬਿੰਦ ਹਮ ਐਸੇ ਅਪਰਾਧੀ
12. ਫ਼ਕੀਰਾਂ ਦਾ ਟੋਲਾ
13. ਜੁਗਤੀ ਬਿਨਾਂ ਮੁਕਤੀ ਨਹੀਂ
14. ਗੁਰੂ ਦੀ ਪ੍ਰਾਪਤੀ ਲਈ ਚਾਰ ਦੁਆਰ ਕਿਹੜੇ ਨੇ ?
15. ਸੁਖ ਦੇ ਅਸਥਾਨ
16. ਸੰਸਾਰ ਦੇ ਦੋ ਦੀਵੇ

ਮਨਿ ਆਸ ਘਨੇਰੀ

(ਸਾਖੀ–ਮਾਤਾ ਕੌਲਾਂ ਜੀ)

ਪਰਮ ਸਤਿਕਾਰ ਯੋਗ ਸਾਜੀ ਨਿਵਾਜੀ ਗੁਰੂ ਰੂਪ ਸਾਧ ਸੰਗਤ ਜੀ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਬੰਦਾ ਉਹ ਹੈ ਜਿਹੜਾ ਬੰਦਗੀ ਕਰੇ। ਸੰਸਾਰ ਵਿਚ ਜੀਵ ਨੇ ਬੰਦਗੀ ਲਈ ਹੀ ਜਨਮ ਲਿਆ ਹੈ। ਜਿਹੜਾ ਜੀਵ ਬੰਦਗੀ ਨਹੀਂ ਕਰਦਾ, ਉਸ ਦੀ ਜ਼ਿੰਦਗੀ ਸ਼ਰਮਿੰਦਗੀ ਨਾਲ ਭਰੀ ਹੁੰਦੀ ਹੈ। ਉਸ ਦੀ ਜ਼ਿੰਦਗੀ ਕਾਬਲੇ-ਲਾਹਨਤ ਹੁੰਦੀ ਹੈ। ਜਿਸ ਮਾਲਕ ਦੀ ਅਸਾਂ ਬੰਦਗੀ ਕਰਨੀ ਹੈ, ਕੀ ਉਸ ਦੇ ਦੀਦਾਰ ਹੋ ਸਕਦੇ ਹਨ ? ਗੋਸ਼ਤ ਖਾਣ ਵਾਲਾ ਬੰਦਾ ਗ਼ੁੱਸੇ ਵਿਚ ਅੱਗ ਬਬੂਲਾ ਹੋ ਗਿਆ ਅਤੇ ਕਹਿਣ ਲੱਗਾ ਕਿ ਇਹ ਆਦਮੀ ਬੜਾ ਬੇਵਕੂਫ਼ੀ ਵਾਲਾ ਸਵਾਲ ਕਰ ਰਿਹਾ ਹੈ। "ਉਸ ਖ਼ੁਦਾ ਕੋ ਅਪਨੀ ਅਕਲ ਸੇ ਮਹਿਸੂਸ ਕੀਆ ਜਾ ਸਕਤਾ ਹੈ, ਉਸ ਕਾ ਦੀਦਾਰ ਨਹੀਂ ਹੋ ਸਕਤਾ।"

ਮੌਲਾਨਾ ਇਥੇ ਆ ਕੇ ਖੜਾ ਹੋ ਗਿਆ ਕਿ ਰੱਬ ਹੈ ਸਹੀ ਅਤੇ ਅਕਲ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ, ਪਰੰਤੂ ਅੱਖਾਂ ਨਾਲ ਦੀਦਾਰ ਨਹੀਂ ਹੋ ਸਕਦੇ। ਮੈਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬਚਨ ਕੀਤਾ—ਮੇਰੀ ਸੱਚੀ ਸਰਕਾਰ ! ਤੁਸੀਂ ਲਿਖਣ ਲੱਗਿਆਂ ਇਕ ਵਾਹਿਗੁਰੂ ਦੀਆਂ ਸਿਫ਼ਤਾਂ ਕਰ ਕਰ ਕੇ ੧੪੩੦ ਪੰਨੇ ਪੂਰੇ ਭਰ ਦਿੱਤੇ ਅਤੇ ਵਡਿਆਈਆਂ ਕਰਨ ਲੱਗਿਆਂ ਨਿਰੰਕਾਰ ਜਾਣੇ ਤੁਸੀਂ ਚੁੱਭੀ ਮਾਰ ਕੇ ਕਿਹੜੇ ਪਾਤਾਲ ਵਿਚ ਲੁੱਕ ਜਾਂਦੇ ਰਹੇ ਹੋ। ਅਜਿਹੇ ਅਜਿਹੇ ਸ਼ਬਦ ਲਿਆਉਂਦੇ ਰਹੇ ਹੋ ਜਿਨ੍ਹਾਂ ਨੂੰ ਸੁਣ ਕੇ ਮਨ ਮਸਤ ਹੋ ਜਾਏ। ਮੈਂ ਹੋਰ ਅਰਜ਼ ਕੀਤੀ—ਗ਼ਰੀਬ ਨਿਵਾਜ਼ ! ਜਿਸ ਦੀ ਉਪਮਾ ਕਰਨ ਲਈ ਤੁਸਾਂ ੧੪੩੦ ਪੰਨੇ ਭਰੇ ਹਨ, ਬੜੇ ਬੜੇ ਬਿਖਮ ਪਾਠ ਸਾਨੂੰ ਸਮਝਾ ਦਿੱਤੇ ਹਨ ਅਤੇ ਜਿਸ ਪ੍ਰਭੂ ਦੀ ੧੪੩੦ ਪੰਨਿਆਂ ਵਿਚ

ਆਪ ਜੀ ਨੇ ਸਿਫ਼ਤ ਕੀਤੀ ਹੈ, ਕੀ ਉਸ ਦਾ ਦਰਸ਼ਨ ਹੋ ਸਕਦਾ ਹੈ ?

ਮੇਰੇ ਗੁਰੂ ਅਰਜਨ ਸਾਹਿਬ ਜੀ ਨੇ ਮੈਨੂੰ ਗਲੋਂ ਨਹੀਂ ਲਾਹਿਆ, ਸਗੋਂ ਮੇਰੇ ਮਾਲਕ ਨੇ ਮੈਨੂੰ ਮੇਰੇ ਸਵਾਲ ਦਾ ਜਵਾਬ ਦਿੱਤਾ-

ਜਬ ਦੇਖਾ ਤਬ ਗਾਵਾ॥

(ਅੰਗ ੬੫੬)

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥
ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥
ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥
ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥

(ਅੰਗ ੭੬੪)

ਜੈਸੀ ਭੂਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ॥
ਨਾਨਕ ਪਿਆਸ ਲਗੀ ਦਰਸਨ ਕੀ ਪ੍ਰਭੁ ਮਿਲਿਆ ਅੰਤਰਜਾਮੀ॥

(ਅੰਗ ੬੧੩)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਂਦੇ ਹਨ ਕਿ ਉਸ ਪ੍ਰਮਾਤਮਾ ਦੇ ਦਰਸ਼ਨ ਗੁਰੂ ਦੇ ਸਿੱਖ ਨੂੰ ਹੋ ਸਕਦੇ ਹਨ। ਸਾਹਿਬ ਸੋਢੀ ਸੁਲਤਾਨ ਗ਼ਰੀਬ ਨਿਵਾਜ਼ ਨੇ ਸਾਨੂੰ ਸਮਝਾਇਆ ਹੀ ਇਹ ਹੈ-

ਦਰਸਨ ਕੀ ਮਨਿ ਆਸ ਘਨੇਰੀ

(ਅੰਗ ੩੨੫)

ਹੇ ਮੇਰੇ ਮਾਲਕ ! ਮੈਂ ਕਿਤੇ ਇਕ ਔਗੁਣ ਨਾਲ ਤਾਂ ਨਹੀਂ ਲਿਬੜੀ ਹੋਈ। ਜੇ ਮੈਂ ਇਕ ਔਗੁਣ ਨਾਲ ਲਿਬੜੀ ਪਈ ਹੁੰਦੀ ਤਾਂ ਬਹੁਤਿਆਂ ਗੁਣਾਂ ਦਾ ਪਾਣੀ ਪਾ ਕੇ ਮੈਂ ਧੋ ਲੈਂਦੀ।

ਏਕ ਨ ਭਰੀਆ ਗੁਣ ਕਰਿ ਧੋਵਾ॥
ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ॥੧॥
ਇਉ ਕਿਉ ਕੰਤ ਪਿਆਰੀ ਹੋਵਾ॥
ਸਹੁ ਜਾਗੈ ਹਉ ਨਿਸ ਭਰਿ ਸੋਵਾ॥ ੧॥ ਰਹਾਉ॥
ਆਸ ਪਿਆਸੀ ਸੇਜੈ ਆਵਾ॥
ਆਗੈ ਸਹ ਭਾਵਾ ਕਿ ਨ ਭਾਵਾ॥੨॥

ਕਿਆ ਜਾਨਾ ਕਿਆ ਹੋਇਗਾ ਰੀ ਮਾਈ॥
ਹਰਿ ਦਰਸਨ ਬਿਨੁ ਰਹਨੁ ਨ ਜਾਈ॥ ੧॥ ਰਹਾਉ॥

(ਅੰਗ ੩੫੬)

ਦਰਸਨ ਕੀ ਮਨ ਆਸ ਘਨੇਰੀ ਇਕ ਘੜੀ ਦਿਨਸੁ

ਹੇ ਮੇਰੇ ਪਿਆਰੇ ! ਤੇਰੇ ਵਿਛੋੜੇ ਦੀ ਜਿਹੜੀ ਇਕ ਘੜੀ ਹੈ, ਉਹ ਮੈਨੂੰ ਇਕ ਦਿਨ ਜਿੰਨੀ ਲੰਮੀ ਜਾਪਦੀ ਹੈ।

ਮੋ ਕਉ ਬਹੁਤੁ ਦਿਹਾਰੇ॥

ਜਿਹੜਾ ਤੇਰੇ ਵਿਛੋੜੇ ਦਾ ਪੂਰਾ ਦਿਨ ਹੈ, ਉਹ ਮੈਨੂੰ ਕਈਆਂ ਦਿਨਾਂ ਜਿੰਨਾ ਲੰਮਾ ਹੋ ਕੇ ਭਾਸਦਾ ਹੈ।

ਮਨੁ ਨ ਰਹੈ ਕੈਸੇ ਮਿਲਉ ਪਿਆਰੇ॥

(ਅੰਗ ੩੭੪)

ਮੇਰੇ ਮਾਲਕ ! ਤੈਨੂੰ ਦੇਖੇ ਬਿਨਾਂ ਮਨ ਟਿੱਕਦਾ ਨਹੀਂ। ਕੋਈ ਅਜਿਹਾ ਮਹਾਂ ਪੁਰਸ਼ ਮਿਲ ਜਾਏ ਜਿਹੜਾ ਮੈਨੂੰ ਤੇਰੇ ਨਾਲ ਮਿਲਾ ਦੇਵੇ। ਜਿਹੜਾ ਮੈਨੂੰ ਤੇਰੇ ਦਰਸ਼ਨ ਕਰਵਾ ਦੇਵੇ-

ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥

(ਅੰਗ ੨੦੪)

ਮੈਂ ਆਪਣਾ ਮਨ, ਤਨ, ਧਨ ਉਸ ਨੂੰ ਸੌਂਪ ਦੇਵਾਂ। ਮੈਂ ਇਕ ਇਕ ਰੋਮ ਉਸ ਤੋਂ ਕੁਰਬਾਨ ਕਰ ਦੇਵਾਂ, ਜਿਹੜਾ ਮੈਨੂੰ ਵਾਹਿਗੁਰੂ ਦੇ ਨਾਲ ਮਿਲਾ ਦੇਵੇ।

ਰਸਤਾ ਤਾਂ ਸਾਰਾ ੩੩-੩੫ ਮੀਲ ਦਾ ਸੀ ਲਾਹੌਰ ਅੰਮ੍ਰਿਤਸਰ ਦਾ। ਰਸਤੇ ਵਿਚ ਇਕ ਬੜੀ ਭਾਰੀ ਦੀਵਾਰ ਖਲੋਤੀ ਹੋਈ ਸੀ। ਪਿਤਾ ਗੁਰੂ ਦਾ ਹੁਕਮ ਇਹ ਸੀ ਕਿ ਬੇਟਾ ! ਜਿੰਨੀ ਦੇਰ ਮੈਂ ਤੈਨੂੰ ਨਾ ਸੱਦਾਂ, ਉੱਨੀ ਦੇਰ ਲਾਹੌਰੋਂ ਆਵੀਂ ਨਾ। ਫਿਰ ਸਾਹਿਬਾਂ ਦੇ ਅੰਦਰ ਦੀ ਤੜਪ, ਸਾਹਿਬਾਂ ਦੇ ਅੰਦਰ ਦੀ ਪਿਆਸ ਉਹ ਇਹਨਾਂ ਅੱਖਰਾਂ ਵਿਚੋਂ ਹਜ਼ਾਰਾਂ ਸੂਰਜਾਂ ਦੀ ਤਰ੍ਹਾਂ ਚਮਕਦੀ ਹੈ—ਐ ਪ੍ਰੀਤਮ !

ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥

(ਸ਼ਬਦ ਹਜ਼ਾਰੇ)

ਉਹ ਦੇਸ਼ ਭਾਗਾਂ ਵਾਲਾ ਹੈ ਜਿੱਥੇ ਤੂੰ ਡੇਰੇ ਲਾਏ ਹੋਏ ਹਨ। ਮੇਰੇ ਸੱਜਣਾ! ਮੇਰੇ ਮਿੱਤਰਾ! ਮੇਰੇ ਪਿਆਰੇ ! ਮੇਰੇ ਪ੍ਰਭੂ ਜੀ ! ਉਹ ਧਰਤੀ ਭਾਗਾਂ ਵਾਲੀ ਹੈ ਜਿਸ ਨੂੰ ਤੁਸੀਂ ਭਾਗ ਲਾ ਰਹੇ ਹੋ।

ਮੈਨੂੰ ਇਕ ਮਹਾਂਪੁਰਸ਼ਾਂ ਨੇ ਬਚਨ ਸੁਣਾਏ ਕਿ ਇਕ ਇਸਤਰੀ ਵਿਰਲਾਪ ਕਰ ਰਹੀ ਸੀ । ਸਾਰੀ ਰਾਤ ਉਹ ਰੋਂਦੀ ਰਹੀ। ਪ੍ਰਭਾਤ ਵੇਲਾ ਹੋਇਆ ਤਾਂ ਗੁਆਂਢਣਾਂ ਇਕੱਠੀਆਂ ਹੋ ਗਈਆਂ ਤੇ ਕਹਿਣ ਲੱਗੀਆਂ—ਭੈਣੇ ! ਤੂੰ ਤਾਂ ਪ੍ਰਮਾਤਮਾ ਨੂੰ ਪਤੀ ਜਾਣ ਕੇ ਪੂਜਣ ਵਾਲੀ ਹੈਂ। ਤੈਨੂੰ ਤਾਂ ਲੋਕੀਂ ਪਤੀਬਰਤਾ ਇਸਤਰੀ ਕਹਿੰਦੇ ਹਨ ਪਰੰਤੂ ਅੱਜ ਤੂੰ ਸਾਰੀ ਰਾਤ ਹਉਕੇ ਭਰਦੀ ਰਹੀ ਹੈਂ । ਪਾਣੀ ਤੋਂ ਵਿਛੜੀ ਹੋਈ ਮੱਛੀ ਦੀ ਤਰ੍ਹਾਂ ਸਾਰੀ ਰਾਤ ਬਿਸਤਰੇ 'ਤੇ ਤੜਫਦੀ ਰਹੀ ਹੈਂ। ਪਤੀ ਨੂੰ ਪ੍ਰਮੇਸ਼ਰ ਜਾਣ ਕੇ ਪੂਜਣ ਵਾਲੀਏ ! ਇਸ ਰੋਣ ਦਾ ਕਾਰਨ ਕੀ ਹੈ ? ਉਸ ਪਤੀਬਰਤਾ ਇਸਤਰੀ ਨੇ ਜਵਾਬ ਦਿੱਤਾ—ਐ ਮੇਰੀਉ ਚੰਗੀਆਂ ਭੈਣੋ !

ਬਿੰਜਣਾ ਕਹਿ ਕੇ ਅਉਣ ਕੋ ਆਏ ਨ ਸਿੰਘ ਆਹਾਰ॥
ਅਜਾ ਪਕਸ਼ ਭੇਜਿਉ ਨਾਹੀ ਦੋਏ ਦਾਹ ਕਰੋ ਆਹਾਰ॥

ਆਪਣੇ ਅੰਦਰ ਦੀ ਤੜਪ, ਆਪਣੇ ਅੰਦਰ ਦਾ ਦੁੱਖ ਸਾਰਾ ਰੋ ਦਿੱਤਾ, ਪਰ ਗੁਆਂਢਣਾਂ ਨਾ ਸਮਝ ਸਕੀਆਂ। ਕਹਿੰਦੀਆਂ ਹਨ—ਭੈਣੇ ! ਤੈਨੂੰ ਤਾਂ ਇਹ ਪੁੱਛਿਆ ਸੀ ਕਿ ਤੂੰ ਰੋਈ ਕਿਉਂ ਹੈਂ ? ਅੱਗੋਂ ਪਤੀਬਰਤਾ ਦੇਵੀ ਨੇ ਕਿਹਾ ਕਿ ਭੈਣੋ ! ਮੇਰਾ ਮਾਲਕ ਪ੍ਰਦੇਸ ਗਿਆ ਹੋਇਆ ਹੈ ਤੇ ਮੈਨੂੰ ਜਾਂਦਾ ਜਾਂਦਾ ਕਹਿ ਗਿਆ ਸੀ ਬਿੰਜਣਾ। ਬਿੰਜਣਾ ਦਾ ਮਤਲਬ ਹੁੰਦਾ ਹੈ ਪੱਖਾ। ਆਉਣ ਲਈ ਕਹਿ ਗਿਆ ਸੀ ਪੱਖਾ। ਮੇਰਾ ਮਾਲਕ ਜਾਨਵਰਾਂ ਦਾ ਬੜਾ ਪਿਆਰਾ ਹੈ। ਉਸ ਨੇ ਇਕ ਸ਼ੇਰ ਦਾ ਬੱਚਾ ਪਾਲਿਆ ਹੋਇਆ ਹੈ। ਸ਼ੇਰ ਦਾ ਬੱਚਾ ਭੁੱਖਾ ਬੈਠਾ ਹੋਇਆ ਹੈ ਅਤੇ ਆਪਣੇ ਮਾਲਕ ਦੀ ਯਾਦ ਵਿਚ ਹਉਕੇ ਭਰਦਾ ਪਿਆ ਹੈ। ਉਸ ਦੀ ਖ਼ੁਰਾਕ ਵੀ ਨਹੀਂ ਹੈ। ਇਕ ਬੱਕਰੀ ਵੀ ਪਾਲੀ ਹੋਈ ਹੈ। ਉਸ ਬੱਕਰੀ ਨੂੰ ਵੀ ਖ਼ੁਰਾਕ ਨਹੀਂ ਲੱਭ ਰਹੀ। ਉਹ ਵਿਚਾਰੀ ਵੀ ਹਰ ਸਮੇਂ ਹਉਕੇ ਭਰਦੀ ਰਹਿੰਦੀ ਹੈ। ਮੈਂ ਸ਼ੇਰ ਦੇ ਬੱਚੇ ਦੇ ਵੀ ਹਰ ਸਮੇਂ ਹਉਕੇ ਸੁਣਦੀ ਹਾਂ। ਬੱਕਰੀ ਦਾ ਰੋਣਾ-ਧੋਣਾ ਵੀ ਸੁਣਦੀ ਹਾਂ ਤੇ ਫਿਰ ਮੇਰਾ ਜੀਅ ਕਰਦਾ ਹੈ ਕਿ ਮੈਂ ਕੁਝ ਖਾ ਕੇ ਮਰ ਜਾਵਾਂ। ਮਾਲਕ ਦੀ ਜੁਦਾਈ ਵਿਚ ਜੀਉਣਾ ਮੈਨੂੰ ਚੰਗਾ ਨਹੀਂ

ਜਾਪਦਾ।

ਗੁਆਂਢਣਾਂ ਹੋਰ ਪ੍ਰੇਸ਼ਾਨ ਹੋਈਆਂ ਅਤੇ ਕਹਿਣ ਲੱਗੀਆਂ ਕਿ ਤੂੰ ਸਾਨੂੰ ਅਰਥ ਤਾਂ ਸਮਝਾ ਦਿੱਤੇ ਹਨ ਪਰ ਅਸਲ ਨੁਕਤਾ ਅਜੇ ਵੀ ਸਾਨੂੰ ਸਮਝ ਨਹੀਂ ਪਿਆ ਕਿ ਤੂੰ ਆਖਦੀ ਕੀ ਪਈ ਹੈਂ ? ਪਤੀਵਰਤਾ ਇਸਤਰੀ ਨੇ ਕਿਹਾ ਕਿ ਮੇਰਾ ਪਤੀ ਘਰੋਂ ਗਿਆ ਹੋਇਆ ਹੈ ਅਤੇ ਜਾਂਦਾ ਜਾਂਦਾ ਕਹਿ ਗਿਆ ਸੀ– ਬਿੰਜਣਾ। ਬਿੰਜਣਾ ਦਾ ਮਤਲਬ ਹੈ ਪੱਖਾ। ਪੱਖਾ ਤੋਂ ਮੁਰਾਦ ਹੈ ਪੱਖ। ਪੱਖ ਹੁੰਦਾ ਹੈ ੧੫ ਦਿਨਾਂ ਦਾ। ਜਾਣ ਲੱਗਿਆਂ ਵਾਅਦਾ ਕਰ ਗਿਆ ਸੀ ਕਿ ਮੈਂ ੧੫ ਦਿਨਾਂ ਤੱਕ ਆ ਜਾਵਾਂਗਾ। ਪਰ ਭੈਣੋ ! ਕੀ ਦੱਸਾਂ–

ਆਏ ਨਾ ਸਿੰਘ ਆਹਾਰ।

'ਸਿੰਘ' ਦਾ ਮਤਲਬ ਹੈ ਸ਼ੇਰ। ਸਿੰਘ ਆਹਾਰ ਦਾ ਮਤਲਬ ਹੈ ਸ਼ੇਰ ਦਾ ਖਾਣਾ। ਸ਼ੇਰ ਦਾ ਖਾਣਾ ਹੈ ਮਾਸ। ਮਾਸ ਦਾ ਮਤਲਬ ਹੈ ਮਹੀਨਾ। ੧੫ ਦਿਨਾਂ ਦਾ ਵਾਅਦਾ ਕਰਕੇ ਗਿਆ ਸੀ ਪਰੰਤੂ ਮਹੀਨਾ ਬੀਤ ਗਿਆ ਹੈ, ਅਜੇ ਤੱਕ ਨਹੀਂ ਘਰ ਚਰਨ ਪਾਏ। ਅਜੇ ਤੱਕ ਮੇਰੇ ਆਂਗਨ ਨੂੰ ਭਾਗ ਨਹੀਂ ਲਾਇਆ।

ਅਜਾ ਪਸ਼ਕ ਭੇਜਿਓ ਨਾਹੀ

ਅਜਾ ਦਾ ਮਤਲਬ ਹੈ ਬੱਕਰੀ। ਪਸ਼ਕ ਦਾ ਮਤਲਬ ਹੈ ਖ਼ੁਰਾਕ। ਬੱਕਰੀ ਦੀ ਖ਼ੁਰਾਕ ਹੈ ਪੱਤੇ। ਪੱਤਿਆਂ ਤੋਂ ਮੁਰਾਦ ਹੈ ਪਾਤੀ। ਪਾਤੀ ਦਾ ਅਰਥ ਹੈ ਚਿੱਠੀ। ਆਪ ਤਾਂ ਕੀ ਆਉਣਾ ਸੀ, ਕੋਈ ਚਿੱਠੀ ਵੀ ਨਹੀਂ ਭੇਜੀ। ਮਾਲਕ ਦੀ ਜੁਦਾਈ ਝੱਲੀ ਨਹੀਂ ਜਾਂਦੀ।–ਦੋਏ ਦਾਹ। ਦਾਹ ਤੇ ਦਾਹ ਹੁੰਦਾ ਹੈ ਵੀਹ, ਵੀਹ ਦਾ ਅਰਥ ਹੁੰਦਾ ਹੈ ਵਿਹੁ। ਵਿਹੁ ਦਾ ਮਤਲਬ ਹੈ ਜ਼ਹਿਰ। ਮੇਰਾ ਜੀਅ ਕਰਦਾ ਹੈ ਕਿ ਮੈਂ ਜ਼ਹਿਰ ਖਾ ਕੇ ਮਰ ਜਾਵਾਂ। ਮੈਨੂੰ ਮਾਲਕ ਤੋਂ ਬਿਨਾਂ ਇਹ ਘਰ ਉਜੜਿਆ ਹੋਇਆ ਜਾਪਦਾ ਹੈ।

ਮੈਂ ਆਪਣਾ ਇਕ ਇਤਿਹਾਸ ਪੜ੍ਹਿਆ। ਉਸ ਦੇ ਵਿਚ ਇਕ ਜ਼ਿਕਰ ਹੈ ਕਿ ਦਰਿਆ ਵੱਗ ਰਿਹਾ ਹੈ। ਦੋਹਾਂ ਕਿਨਾਰਿਆਂ ਦੀ ਕੈਦ ਵਿਚ ਬੱਧਾ ਹੋਇਆ, ਬੇਸਬਰੇ ਦਿਲ ਦੀ ਤਰ੍ਹਾਂ ਛਾਲਾਂ ਮਾਰ ਮਾਰ ਤੁਰਿਆ ਜਾ ਰਿਹਾ ਹੈ। ਦਰਿਆ ਦੇ ਕਿਨਾਰੇ ਕਿਨਾਰੇ ਕੁਦਰਤ ਰਾਣੀ ਨੇ ਬੜੇ ਸੋਹਣੇ ਸੋਹਣੇ ਫੁੱਲਾਂ ਵਾਲੇ ਪੌਦੇ ਪੈਦਾ ਕੀਤੇ ਹੋਏ ਹਨ ਅਤੇ ਕਿਤੇ ਲੰਮੇ ਦਰੱਖ਼ਤ ਪੈਦਾ ਕੀਤੇ ਹੋਏ ਹਨ। ਉਹਨਾਂ ਦਰੱਖ਼ਤਾਂ ਉੱਤੇ ਖੰਭਾਂ ਵਾਲੇ ਲਾਟੂ ਲਟਕੇ ਹੋਏ ਹਨ। ਪੰਛੀ ਤਰ੍ਹਾਂ

ਤਰ੍ਹਾਂ ਦੇ ਨਗ਼ਮੇ ਅਲਾਪਦੇ ਪਏ ਹਨ, ਪਰੰਤੂ ਸਾਨੂੰ ਉਹਨਾਂ ਪਰਿੰਦਿਆਂ ਦੀ ਭਾਸ਼ਾ ਨਹੀਂ ਸਮਝ ਆਉਂਦੀ। ਅਸੀਂ ਉਹਨਾਂ ਪਰਿੰਦਿਆਂ ਦੀ ਬੋਲੀ ਨਹੀਂ ਜਾਣਦੇ। ਧੰਨ ਬਾਬਾ ਗੁਰੂ ਅਰਜਨ ਸਾਹਿਬ ਜੀ! ਤੁਸੀਂ ਪਰਿੰਦਿਆਂ ਦੀ ਬੋਲੀ ਜਾਣਦੇ ਸੀ ਤੇ ਜਦੋਂ ਪਰਿੰਦੇ ਬੋਲੇ, ਉਹਨਾਂ ਰਾਗ ਅਲਾਪਿਆ, ਮਾਲਕ ਦੇ ਨਗ਼ਮੇ ਗਾਏ ਤਾਂ ਤੁਹਾਡੀ ਰਸਨਾ ਵਿਚੋਂ ਨਿਕਲਿਆ-

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥

(ਅੰਗ ੧੩੮੩)

ਮੈਂ ਉਹਨਾਂ ਪਰਿੰਦਿਆਂ ਤੋਂ ਸੱਦਕੇ ਜਾਂਦਾ ਹਾਂ ਜਿਹੜੇ ਜੰਗਲ ਵਿਚ ਰਹਿੰਦੇ ਹਨ, ਨਿੱਕੇ-ਨਿੱਕੇ ਪੱਥਰ ਖਾਂਦੇ ਹਨ, ਪਰੰਤੂ ਰੱਬ ਦਾ ਪਾਸਾ ਨਹੀਂ ਛੱਡਦੇ, ਰੱਬ ਦਾ ਜ਼ਿਕਰ ਜ਼ਰੂਰ ਕਰਦੇ ਹਨ।

ਦਰਿਆ ਵੱਗ ਰਿਹਾ ਹੈ। ਦਰਿਆ ਦੇ ਚੜ੍ਹਦੇ ਕਿਨਾਰੇ ਇਕ ਬੜਾ ਭਾਰੀ ਸ਼ਿਕਾਰੀਆਂ ਦਾ ਜੱਥਾ ਜਿਨ੍ਹਾਂ ਕੋਲ ਭਾਂਡੇ ਹਨ, ਬੰਦੂਕਾਂ ਹਨ, ਨੇਜ਼ੇ ਹਨ, ਬਾਜ਼ ਹਨ। ਜੀਵ-ਜੰਤੂ ਕੋਈ ਭੱਜਿਆ ਫਿਰਦਾ ਹੈ, ਕੋਈ ਜਾਨ ਬਚਾਉਂਦਾ ਹੈ। ਇਕ ਬੜਾ ਵੱਡਾ ਸ਼ੋਰ ਬਣਿਆ ਹੋਇਆ ਹੈ। ਦਰਿਆ ਦੇ ਲਹਿੰਦੇ ਕਿਨਾਰੇ ਇਕ ਬੜਾ ਸੋਹਣਾ ਸੁੰਦਰ ਸ਼ਹਿਰ ਹੈ। ਉਸ ਸ਼ਹਿਰ ਦੇ ਲਹਿੰਦੇ ਪਾਸੇ ਇਕ ਬੜਾ ਵੱਡਾ ਆਲੀਸ਼ਾਨ ਮਕਾਨ ਹੈ। ਮਕਾਨ ਦੇ ਅੰਦਰ ਇਕ ਵੱਡਾ ਸਾਰਾ ਕਮਰਾ ਹੈ। ਉਸ ਦੇ ਵਿਚ ਉੱਚਾ ਸਾਰਾ ਇਕ ਮੰਜਾ ਵਿਛਿਆ ਹੋਇਆ ਹੈ ਜਿਸ ਉੱਤੇ ਬਿਸਤਰੇ ਵਿਛੇ ਹੋਏ ਹਨ ਅਤੇ ਬਿਸਤਰਿਆਂ ਉੱਤੇ ਇਕ ਚਿੱਟੀ ਚਾਦਰ ਵਿਛੀ ਹੋਈ ਹੈ। ਉਸ ਚਾਦਰ ਦੇ ਉੱਤੇ ਰੋਗਾਂ ਦੀ ਗ੍ਰਸੀ ਹੋਈ ਇਕ ਇਸਤਰੀ ਪਈ ਹੋਈ ਹੈ। ਕਿਸੇ ਸਮੇਂ ਉਸ ਦੇ ਨੇਤਰਾਂ ਨੂੰ ਲੋਕ ਕੰਵਲ ਫੁੱਲ ਵਰਗੇ ਆਖਦੇ ਸਨ, ਪਰੰਤੂ ਅੱਜ ਉਸ ਦੀਆਂ ਅੱਖਾਂ ਡਰਾਉਣੀਆਂ ਹਨ। ਕਿਸੇ ਸਮੇਂ ਉਸ ਦੀਆਂ ਲੰਮੀਆਂ ਲੰਮੀਆਂ ਉਂਗਲਾਂ ਉਸ ਦੀ ਸੁੰਦਰਤਾ ਦੀ ਸ਼ੋਭਾ ਨੂੰ ਵਧਾਉਂਦੀਆਂ ਸਨ, ਪਰੰਤੂ ਅੱਜ ਉਸ ਦੇ ਹੱਥ ਚੁੜੇਲਾਂ ਵਰਗੇ ਜਾਪਦੇ ਸਨ। ਬਿਲਕੁਲ ਬੇਸੁਰਤ ਬਿਸਤਰੇ 'ਤੇ ਪਈ ਹੋਈ ਹੈ। ਉਹ ਪਿਆਰੇ ਪ੍ਰੀਤਮ ਦੇ ਅੰਤਲੇ ਦਰਸ਼ਨਾਂ ਲਈ ਇਸ ਬਿਸਤਰੇ 'ਤੇ ਪਈ ਪਈ ਬੜੀ ਕਮਜ਼ੋਰ ਜਿਹੀ ਆਵਾਜ਼ ਵਿਚ ਬੋਲੀ-

ਦਰਸਨ ਕੀ ਮਨਿ ਆਸ ਘਨੇਰੀ

(ਅੰਗ ੩੭੫)

ਇਹ ਸੀ ਇਕ ਸੱਚੇ ਦਿਲ ਦੀ ਆਵਾਜ਼ ਜਿਹੜੀ ਹਵਾ ਵਿਚ ਰਲ ਗਈ। ਹਵਾ ਰਾਣੀ ਕਾਸਟ ਬਣ ਗਈ। ਸਿਪਾਹੀ ਬਣ ਗਈ। ਸੁਨੇਹੇ ਲੈ ਕੇ ਆਉਣ ਜਾਣ ਵਾਲਾ, ਪੈਗ਼ਾਮ ਲੈ ਕੇ ਆਉਣ ਜਾਣ ਵਾਲਾ ਸਿਆਣਾ ਸਿਪਾਹੀ ਬਣ ਗਈ। ਸਾਹਿਬ ਕਹਿੰਦੇ ਹਨ ਕਿ ਸੋਹਣੀ ਚਾਦਰ ਵਿੱਛੀ ਹੋਈ ਹੋਵੇ, ਸੇਜ ਚੰਗੀ ਹੋਵੇ, ਚੰਦਨ ਦੇ ਪਾਵੇ ਹੋਣ, ਚੰਦਨ ਦੀਆਂ ਬਾਹੀਆਂ ਹੋਣ, ਰੇਸ਼ਮ ਦੀ ਨਵਾਰ ਹੋਵੇ, ਠੰਢੇ ਪਾਣੀ ਦੀ ਸੁਰਾਹੀ ਚਾਂਦੀ ਦੇ ਗਿਲਾਸ ਨਾਲ ਢੱਕੀ ਹੋਈ ਹੋਵੇ, ਪੱਖਾ ਝੱਲਣ ਵਾਲਾ ੨੪ ਘੰਟੇ ਸਿਰਹਾਣੇ ਖਲੋਤਾ ਹੋਵੇ।

ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ॥
ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥

(ਅੰਗ ੧੧੦੨)

ਘਰੋਂ ਤੁਰਨ ਲੱਗਿਆਂ ਮਾਪੇ ਜਿਹੜਾ ਧੀ ਨੂੰ ਵਿਆਹ ਵਾਲਾ ਕੱਪੜਾ ਦਿੰਦੇ ਹਨ, ਉਹ ਸੁਹਾਗ ਦੀ ਨਿਸ਼ਾਨੀ ਹੁੰਦੀ ਹੈ। ਉਹ ਵੀ ਬੱਚੀ ਦੇ ਕੋਲ ਹੋਵੇ, ਸੁਹਾਗ ਜੀਊਂਦਾ ਜਾਗਦਾ ਹੋਵੇ ਤੇ ਹੋਰ ਅਨੇਕ ਕੱਪੜੇ ਹੋਣ, ਟਰੰਕਾਂ ਦੇ ਟਰੰਕ ਭਰੇ ਹੋਏ ਹੋਣ। ਖਾਣ ਪੀਣ ਦੇ ਪਦਾਰਥਾਂ ਦੀ ਕੋਈ ਕਮੀ ਨਾ ਹੋਵੇ। ਘਰ ਵਿਚ ਕਣਕ ਵੀ ਹੋਵੇ। ਕਿਸੇ ਗੱਲ ਦਾ ਕੋਈ ਘਾਟਾ ਨਾ ਹੋਵੇ ਪਰ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਫੁਰਮਾਂਦੇ ਹਨ ਕਿ ਜੇ ਘਾਟਾ ਹੋਵੇ ਤਾਂ ਕੇਵਲ ਇਕ ਹੀ ਹੋਵੇ ਕਿ ਪਤੀਵਰਤਾ ਇਸਤਰੀ ਦਾ ਪਤੀ ਘਰ ਨਾ ਹੋਵੇ। ਉਹ ਕਿਤੇ ਬਾਹਰ ਪ੍ਰਦੇਸ ਵਿਚ ਗਿਆ ਹੋਵੇ। ਉਸ ਦੇ ਵਿਛੋੜੇ ਵਿਚ ਬਿਹਬਲ ਹੋਈ ਪਤੀਵਰਤਾ ਇਸਤਰੀ ਇਸ ਚੰਗੇ ਘਰ ਨੂੰ, ਭਰੇ ਹੋਏ ਘਰ ਨੂੰ, ਸੋਹਣਿਆਂ ਕੱਪੜਿਆਂ ਨੂੰ, ਸੋਹਣਿਆਂ ਬਿਸਤਰਿਆਂ ਨੂੰ ਕਿਸ ਨਜ਼ਰ ਨਾਲ ਦੇਖਦੀ ਹੈ। ਜੇ ਪਤੀ ਘਰ ਨਹੀਂ ਤਾਂ ਪਤਨੀ ਲਈ ਇਹ ਸਾਰੀਆਂ ਚੀਜ਼ਾਂ ਅੱਗ ਦੇ ਕੋਲੇ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ-

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸ ਫਿਰਹਿ ਜਲੰਤ॥

(ਅੰਗ ੭੯੧)

ਉਹ ਦਿਨ ਰਾਤ ਸੜਦੀਆਂ ਭੁੱਜਦੀਆਂ ਰੋਂਦੀਆਂ ਰਹਿੰਦੀਆਂ ਹਨ ਜਿਨ੍ਹਾਂ ਦਾ ਮਾਲਕ ਘਰ ਨਾ ਹੋਵੇ।

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਆ ਰੁਤੇ॥
ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥
ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ॥
ਗੁਰੁ ਨਾਨਕੁ ਦੇਖਿ ਬਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ॥

(ਅੰਗ ੪੫੨)

ਜਿਵੇਂ ਸਿੱਖ ਗੁਰੂ ਨੂੰ ਮਿਲ ਕੇ ਖ਼ੁਸ਼ ਹੁੰਦਾ ਹੈ, ਜਿਵੇਂ ਪੁੱਤ ਮਾਂ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ, ਇਸੇ ਤਰ੍ਹਾਂ ਪਤੀਵਰਤਾ ਇਸਤਰੀ ਉਸ ਦਿਨ ਪ੍ਰਸੰਨ ਹੁੰਦੀ ਹੈ ਜਿਸ ਦਿਨ ਪ੍ਰਦੇਸ ਗਿਆ ਹੋਇਆ ਉਸ ਦਾ ਸੁਹਾਗ, ਉਸ ਦੇ ਸਿਰ ਦਾ ਸਾਈਂ ਘਰ ਵਿਚ ਆ ਜਾਏ ਤਾਂ ਉਸ ਦੇ ਲਈ ਘਰ ਵੱਸ ਜਾਂਦਾ ਹੈ।

ਮਾਤਾ ਸੁਲਖਣੀ ਦਾ ਜੀਵਨ ਪੜ੍ਹਿਉ। ਪ੍ਰਭਾਤ ਵੇਲਾ ਹੈ। ਸ੍ਰੀ ਚੰਦ ਤੇ ਲਖਮੀ ਦਾਸ ਜਾਗ ਪਏ ਹਨ। ਚੀਖ਼ ਮਾਰ ਕੇ ਆਵਾਜ਼ ਮਾਰੀ ਭੂਆ ਜੀ। ਕਿੰਨਾ ਪਿਆਰਾ ਸ਼ਬਦ ਹੈ ਭੂਆ ਜੀ, ਪਰੰਤੂ ਸਾਡੀ ਕਿੰਨੀ ਬਦਕਿਸਮਤੀ ਹੈ ਕਿ ਅਸੀਂ ਲੋਕ ਨਕਲਾਂ ਕਰਨ ਲੱਗੇ ਪਏ ਹਾਂ। ਪੰਜਾਬੀ ਵਿਚ ਮਾਂ ਲਈ ਸ਼ਬਦ ਵੱਖਰਾ ਹੈ, ਮਾਸੀ ਲਈ ਵੱਖਰਾ ਹੈ, ਭੂਆ ਲਈ ਵੱਖਰਾ ਹੈ, ਤਾਈ ਲਈ ਵੱਖਰਾ ਹੈ ਪਰੰਤੂ ਹੁਣ ਸਾਰਿਆਂ ਲਈ ਆਂਟੀ ਹੀ ਹੈ। ਪਿਉ ਕਹਿੰਦਾ ਹੈ ਕਿ ਮੈਨੂੰ ਪਿਤਾ ਨਾ ਕਹੀਂ। ਮਾਂ ਕਹਿੰਦੀ ਹੈ ਕਿ ਮੈਨੂੰ ਮਾਂ ਨਾ ਕਹੀਂ। ਪਿਉ ਕਹਿੰਦਾ ਹੈ ਕਿ ਮੈਨੂੰ ਡੈਡੀ ਕਹਿ। ਮਾਂ ਕਹਿੰਦੀ ਹੈ ਕਿ ਮੈਨੂੰ ਮੰਮੀ ਕਹਿ। ਅਸੀਂ ਨਕਲ ਕਰਨ ਲੱਗ ਪੈਂਦੇ ਹਾਂ ਅਤੇ ਆਪਣੀ ਸੰਸਕ੍ਰਿਤੀ ਵੱਲ ਨਹੀਂ ਦੇਖਦੇ। ਆਪਣੀ ਰਹਿਤ ਮਰਿਆਦਾ ਵੱਲ ਨਹੀਂ ਦੇਖਦੇ। ਆਪਣੇ ਬਜ਼ੁਰਗਾਂ ਦੇ ਪੁਰਾਣੇ ਜੀਵਨ ਵੱਲ ਨਹੀਂ ਦੇਖਦੇ ਕਿ ਉਹਨਾਂ ਨੇ ਇਸ ਜੀਵਨ ਵਾਸਤੇ ਕਿੰਨੀ ਕੁ ਘਾਲ ਘਾਲੀ ਹੈ। ਸਾਨੂੰ ਨਕਲ ਨਹੀਂ ਕਰਨੀ ਚਾਹੀਦੀ। ਸਾਡਾ ਆਪਣਾ ਖ਼ਜ਼ਾਨਾ ਬੜਾ ਅਮੀਰ ਹੈ।

ਮੈਂ ਪਤੀਵਰਤਾ ਇਸਤਰੀ ਦੇ ਸਬੰਧ ਵਿਚ ਅਰਜ਼ ਕਰ ਰਿਹਾ ਸੀ। ਪਤੀਵਰਤਾ ਇਸਤਰੀ ਆਪਣੇ ਪਤੀ ਨੂੰ ਦੇਖ ਕੇ ਬਹੁਤ ਖ਼ੁਸ਼ ਹੁੰਦੀ ਹੈ। ਜਿਸ ਵੇਲੇ ਸ਼ਿਕਾਰੀਆਂ ਦੇ ਜੱਥੇ ਦੇ ਜੱਥੇਦਾਰ ਨੇ ਹਵਾ ਰਾਣੀ ਦੀ ਆਵਾਜ਼ ਸੁਣੀ ਤੇ

ਹੁਕਮ ਦੇ ਦਿੱਤਾ ਕਿ ਸ਼ਿਕਾਰ ਬੰਦ ਕਰ ਦਿਉ। ਜਾਲ ਇਕੱਠੇ ਕਰ ਲਉ। ਕੁੱਤਿਆਂ ਨੂੰ ਡੋਰਾਂ ਪਾ ਲਉ। ਸ਼ਿਕਾਰ ਨਹੀਂ ਖੇਡਿਆ ਜਾਏਗਾ। ਹੁਕਮ 'ਤੇ ਅਮਲ ਕੀਤਾ ਗਿਆ। ਸਾਰਾ ਸਾਮਾਨ ਲਪੇਟ ਲਿਆ ਗਿਆ। ਦਰਿਆ ਦੇ ਕੰਢੇ ਪਹੁੰਚ ਗਏ। ਬੇੜੀਆਂ ਆ ਗਈਆਂ। ਸਾਮਾਨ ਲੱਦ ਲਿਆ ਗਿਆ। ਸ਼ਿਕਾਰੀ ਬੇੜੀਆਂ ਵਿਚ ਬੈਠ ਕੇ ਤੁਰੀ ਜਾ ਰਹੇ ਹਨ। ਬੇੜੀਆਂ ਵਿਚ ਕੀਰਤਨ ਹੋ ਰਿਹਾ ਹੈ। ਵਾਹਿਗੁਰੂ ਕ੍ਰਿਪਾ ਕਰੇ, ਸਿੱਖਾ ! ਤੈਨੂੰ ਕੰਮ ਕਰਦਿਆਂ ਹਰ ਵੇਲੇ ਬਾਣੀ ਚੇਤੇ ਰਹੇ। ਤੈਨੂੰ ਸਤਿਨਾਮ ਵਾਹਿਗੁਰੂ ਚੇਤੇ ਰਹੇ। ਤੇਰੇ ਜੀਵਨ ਵਿਚੋਂ ਖ਼ੁਸ਼ਬੂ ਆਵੇ। ਜਿਹੜੇ ਬਾਜ਼ਾਰ ਵਿਚੋਂ ਤੂੰ ਲੰਘੇਂ, ਲੋਕੀਂ ਉੱਠ ਕੇ ਖੜੇ ਹੋ ਜਾਣ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਆ ਰਿਹਾ ਹੈ। ਅਜਿਹੀ ਆਪਣੀ ਜ਼ਿੰਦਗੀ ਬਣਾ। ਬੇੜੀਆਂ ਤੈਰਦੀਆਂ ਜਾ ਰਹੀਆਂ ਹਨ। ਵਿਚ ਬੈਠੇ ਹੋਏ ਅਲਬੇਲੇ ਸ਼ਿਕਾਰੀ ਆਪਣੇ ਪਿਆਰੇ ਦੇ ਰੰਗ ਵਿਚ ਰੰਗੇ ਹੋਏ ਪੜ੍ਹ ਰਹੇ ਹਨ—

ਦੀਨ ਦਇਆਲ ਭਰੋਸੇ ਤੇਰੇ॥
ਸਭੁ ਪਰਵਾਰੁ ਚੜਾਇਆ ਬੇੜੇ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ॥
ਇਸ ਬੇੜੇ ਕਉ ਪਾਰਿ ਲੰਘਾਵੈ॥

(ਅੰਗ ੩੩੭)

ਬੇੜੀਆਂ ਕਿਨਾਰੇ ਆ ਗਈਆਂ। ਅਲਬੇਲੇ ਸ਼ਿਕਾਰੀ ਉਤਰ ਗਏ। ਦੂਜੇ ਪਾਸੇ ਦੇ ਸੇਵਾਦਾਰ ਆ ਗਏ। ਘੋੜੇ ਸਾਂਭ ਲਏ। ਸਾਮਾਨ ਸਾਂਭ ਲਏ। ਆਪੋ ਆਪਣੇ ਕੰਮਾਂ ਉੱਤੇ ਜਾਣ ਲੱਗੇ। ਸ਼ਿਕਾਰੀਆਂ ਦੇ ਜੱਥੇ ਦਾ ਅਲਬੇਲਾ ਸ਼ਿਕਾਰੀ ਜਿਸ ਦੀ ਲੀਲਾ ਕਥਨ ਨਹੀਂ ਕੀਤੀ ਜਾ ਸਕਦੀ, ਉਹ ਗਲੀਆਂ ਦੇ ਮੋੜ ਕੱਟਦਾ ਹੋਇਆ, ਠੁੰਮਕ ਠੁੰਮਕ ਤੁਰ ਕੇ ਧਰਤੀ ਨੂੰ ਕਿਰਤਾਰਥ ਕਰਦਾ ਹੋਇਆ ਉਸ ਮਕਾਨ ਦੇ ਵੱਡੇ ਦਰਵਾਜ਼ੇ ਅੱਗੇ ਪਹੁੰਚ ਗਿਆ ਜਿਸ ਵਿਚੋਂ ਆਵਾਜ਼ ਆ ਰਹੀ ਸੀ-

ਦਰਸਨ ਕੀ ਮਨਿ ਆਸ ਘਨੇਰੀ

(ਅੰਗ ੩੭੫)

ਦਰਵਾਜ਼ਾ ਖੜਕਾਇਆ। ਦਾਸੀ ਆਈ ਤੇ ਦਰਵਾਜ਼ਾ ਖੋਲ੍ਹਿਆ। ਅੰਦਰ ਚਲੇ ਗਏ। ਵੱਡੇ ਕਮਰੇ ਵਿਚ ਪਲੰਘ ਉਤੇ ਦੁੱਖਾਂ ਨਾਲ ਗ੍ਰਸੀ ਹੋਈ ਇਕ ਬੀਬੀ

ਆਪਣੇ ਜ਼ਿੰਦਗੀ ਦੇ ਅਖ਼ੀਰਲੇ ਸਾਹ ਗਿਣ ਰਹੀ ਸੀ। ਸਰਦਾਰ ਉਸ ਦਰਵਾਜ਼ੇ ਦੇ ਅੱਗੇ ਚਲੇ ਗਏ। ਉਸ ਦਰਵਾਜ਼ੇ ਨੂੰ ਚੰਗੀ ਤਰ੍ਹਾਂ ਦੇਖਿਆ।

ਜੀਵ ਜੰਤੂਆਂ ਦੀ ਕਲਿਆਣ ਕਰਨ ਵਾਲੇ ਅਲਬੇਲੇ ਸ਼ਿਕਾਰੀ ਬੀਬੀ ਕੌਲਾਂ ਦੇ ਵੱਡੇ ਦਰਵਾਜ਼ੇ ਅੱਗੇ ਜਾ ਕੇ ਖੜੇ ਹੋ ਗਏ। ਕਮਰੇ ਦੇ ਅੰਦਰ ਚਲੇ ਗਏ। ਕੌਲਾਂ ਨੇ ਕਮਲ ਫੁੱਲ ਵਰਗੀਆਂ ਅੱਖਾਂ ਨਾਲ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕੀਤੇ। ਸਾਹਿਬਾਂ ਨੂੰ ਮੁਹੱਬਤ ਨਾਲ ਦੇਖਿਆ। ਕੌਲਾਂ ਨੇ ਚਾਹਿਆ ਕਿ ਮੈਂ ਉੱਠਾਂ, ਹਿੰਮਤ ਕਰਾਂ, ਹੱਥ ਜੋੜਾਂ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਉੱਤੇ ਮੱਥਾ ਟੇਕਾਂ, ਪਰੰਤੂ ਕਮਜ਼ੋਰੀ ਇੰਨੀ ਸੀ ਕਿ ਕੌਲਾਂ ਕੋਲੋਂ ਉਠਿਆ ਨਾ ਗਿਆ। ਫਿਰ ਕੌਲਾਂ ਨੇ ਚਾਹਿਆ ਕਿ ਮੈਂ ਚਾਰ ਚੰਗੇ ਸ਼ਬਦ ਬੋਲ ਕੇ ਹਜ਼ੂਰ ਦਾ ਸਨਮਾਨ ਕਰਾਂ।

ਕੌਲਾਂ ਦੀ ਮਜਬੂਰੀ ਦੇਖ ਕੇ ਅੰਤਰਜਾਮੀ ਸਤਿਗੁਰੂ ਮੰਜੇ ਦੇ ਕੋਲ ਚਲੇ ਗਏ। ਕ੍ਰਿਪਾ ਦ੍ਰਿਸ਼ਟੀ ਨਾਲ ਕੌਲਾਂ ਨੂੰ ਦੇਖਿਆ ਅਤੇ ਉਸ ਨੂੰ ਹੌਸਲਾ ਦਿੱਤਾ। ਕੌਲਾਂ ਨੇ ਬੜੇ ਪਿਆਰ ਨਾਲ ਆਪਣੀਆਂ ਉਂਗਲੀਆਂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਉੱਤੇ ਫੇਰੀਆਂ। ਕੌਲਾਂ ਦੇ ਨੇਤਰਾਂ ਵਿਚੋਂ ਧਾਰ ਵਹਿ ਤੁਰੀ।

ਰੋਂਦੀ ਹੋਈ ਕੌਲਾਂ ਨੇ ਮੂੰਹੋਂ ਬਚਨ ਉਚਾਰਨ ਕੀਤਾ—ਮੇਰੇ ਪਿਆਰੇ ਹਰਿਗੋਬਿੰਦ ਜੀ! ਤੁਸੀਂ ਮੇਰੇ ਅੰਦਰ ਦੀਆਂ ਗੱਲਾਂ ਜਾਣਦੇ ਹੋ। ਜਦੋਂ ਮੈਂ ਸਾਈਂ ਮੀਆਂ ਮੀਰ ਕੋਲ ਹੁੰਦੀ ਸੀ ਤਾਂ ਤੁਹਾਡੀ ਤੇ ਸਾਈਂ ਮੀਆਂ ਮੀਰ ਜੀ ਦੀ ਮੁਲਾਕਾਤ ਹੁੰਦੀ ਸੀ। ਉਸ ਦਿਨ ਦੀ ਤੁਹਾਡੀ ਪਾਵਨ ਮੂਰਤੀ ਮੇਰੇ ਨੇਤਰਾਂ ਦੇ ਦਰਵਾਜ਼ਿਆਂ ਵਿਚੋਂ ਦੀ ਲੰਘ ਕੇ ਅੰਦਰ ਵੱਸ ਗਈ। ਮੈਂ ਤੁਹਾਨੂੰ ਆਪਣੀ ਹਾਲਤ ਕੀ ਸਮਝਾਵਾਂ, ਤੁਸੀਂ ਤਾਂ ਅੰਤਰਜਾਮੀ ਹੋ। ਮੇਰੇ ਉੱਤੇ ਕੁਦਰਤ ਡੁਲ੍ਹ ਪਈ। ਮੈਨੂੰ ਬ੍ਰਾਹਮਣਾਂ ਦੇ ਘਰ ਜਨਮ ਦੇ ਦਿੱਤਾ। ਮੇਰਾ ਕੱਦ-ਕਾਠ ਬੜਾ ਸੁੰਦਰ ਬਣਾ ਦਿੱਤਾ। ਮੈਂ ਆਪਣੇ ਹਾਣ ਦੀਆਂ ਕੁੜੀਆਂ ਵਿਚ ਖੇਡਦੀ ਸੀ ਕਿ ਇਕ ਦਿਨ ਮੁਗ਼ਲਾਂ ਦੇ ਸਿਪਾਹੀ ਆਏ ਅਤੇ ਉਹਨਾਂ ਨੇ ਮੈਨੂੰ ਫੜ ਕੇ ਇਕ ਮੁਲਾਣੇ ਦੇ ਹਵਾਲੇ ਕਰ ਦਿੱਤਾ।

ਗ਼ਰੀਬ ਨਿਵਾਜ਼ ! ਮੈਨੂੰ ਪਤਾ ਕੋਈ ਨਾ ਲੱਗਾ ਅਤੇ ਮੈਂ ਇਕ ਕਸਾਈ ਦੇ ਪੰਜੇ ਵਿਚ ਫੱਸ ਗਈ। ਜਵਾਨੀ ਆਈ, ਨੇਕੀ-ਬਦੀ ਦਾ ਪਤਾ ਲੱਗਾ। ਉਦੋਂ ਮੈਨੂੰ ਪਤਾ ਲੱਗਾ ਕਿ ਮੇਰਾ ਇਸਤਰੀ-ਧਰਮ ਖ਼ਤਰੇ ਵਿਚ ਹੈ। ਮੈਂ ਹਿੰਦੁਸਤਾਨ

ਦੇ ਵੱਡੇ ਵੱਡੇ ਯੋਧੇ ਵੰਗਾਰੇ, ਪਰੰਤੂ ਗ਼ਰੀਬ ਨਿਵਾਜ ! ਮੇਰੀ ਲਾਜ ਬਚਾਣ ਲਈ ਕੋਈ ਨਾ ਪਹੁੰਚਿਆ। ਸਤਿਗੁਰੂ ਜੀ ! ਫਿਰ ਮੈਂ ਪੀਰ ਫ਼ਕੀਰ ਮਨਾਏ। ਮੈਂ ਦੇਵੀਆਂ ਦੇਵਤੇ ਪੂਜੇ, ਪਰੰਤੂ ਮੇਰੇ ਇਸਤਰੀ-ਧਰਮ ਨੂੰ ਬਚਾਉਣ ਲਈ ਕੋਈ ਨਾ ਪਹੁੰਚਿਆ। ਸਤਿਗੁਰੂ ਜੀ ! ਜਦੋਂ ਮੈਂ ਚਾਰ ਚੁਫੇਰਿਉਂ ਨਿਰਾਸ਼ ਹੋ ਗਈ ਤਾਂ ਮੇਰੀ ਦਾਸੀ, ਜਿਹੜੀ ਮੈਨੂੰ ਪ੍ਰਸ਼ਾਦ ਪਾਣੀ ਛਕਾਉਂਦੀ ਸੀ, ਉਸ ਦੇ ਹੱਥ ਮੈਂ ਇਕ ਨਿੱਕਾ ਜਿਹਾ ਰੁੱਕਾ ਲਿਖ ਕੇ ਤੁਹਾਡੇ ਵੱਲ ਭੇਜਿਆ। ਤੁਸੀਂ ਰੁੱਕਾ ਪੜ੍ਹਦਿਆਂ ਸਾਰ ਆਪਣੇ ਜਾਂਬਾਜ਼ ਸਿਪਾਹੀ ਲੈ ਕੇ ਹਮਾਲਾ ਕਰ ਦਿੱਤਾ। ਮੁਲਾਣਿਆਂ ਨੂੰ ਭਾਜੜ ਪੈ ਗਈ।

ਅੰਤਰਜਾਮੀ ਗੁਰੂ ਜੀ ! ਤੁਸੀਂ ਮੇਰਾ ਧਰਮ ਬਚਾਅ ਲਿਆ। ਇਸ ਸੰਸਾਰ ਵਿਚ ਤੁਹਾਡੇ ਬਿਨਾਂ ਮੇਰਾ ਕੋਈ ਨਹੀਂ। ਜਦੋਂ ਮੇਰਾ ਅੰਤ ਵੇਲਾ ਆਵੇ, ਗ਼ਰੀਬ ਨਿਵਾਜ ! ਉਸ ਵੇਲੇ ਆਪਣੀ ਇਸ ਦਾਸੀ ਨੂੰ ਆਪ ਦਰਸ਼ਨ ਜ਼ਰੂਰ ਦੇਣਾ। ਗੁਣਾਂ ਦੀ ਖਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਸੰਨ ਹੋ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੌਲਾਂ ਨੂੰ ਨਿਹਾਲ ਕਰ ਦਿੱਤਾ।

ਗ਼ਰੀਬ ਨਿਵਾਜ ਗੁਰੂ ਦੀ ਸੰਗਤ ਜੀ ! ਤੁਸੀਂ ਧੰਨ ਹੋ। ਤੁਸਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਹਨ। ਜਦੋਂ ਪਿਉ ਜ਼ਰਾ ਕੁ ਘੂਰੀ ਵੱਟੇ, ਚਪੇੜ ਮਾਰੇ ਤਾਂ ਬੱਚਾ ਮਾਂ ਨੂੰ ਜਾ ਚੰਬੜਦਾ ਹੈ। ਜਦੋਂ ਕੋਈ ਜ਼ਰਾ ਜਿੰਨੀ ਬਿਪਤਾ ਬੱਚੇ ਨੂੰ ਬਣਦੀ ਹੈ ਤਾਂ ਉਹ ਝੱਟ ਮਾਂ ਕੋਲ ਚਲਿਆ ਜਾਂਦਾ ਹੈ। ਕਿਸੇ ਗੱਲੋਂ ਜ਼ਿੱਦੇ ਪੈ ਜਾਏ, ਤਾਂ ਮਾਂ ਉਸ ਨੂੰ ਚਪੇੜਾਂ ਮਾਰਦੀ ਹੈ, ਪਰ ਚੰਮੜਦਾ ਫਿਰ ਵੀ ਮਾਂ ਦੇ ਨਾਲ ਹੀ ਹੈ। ਇੰਨੀ ਪਿਆਰੀ ਚੀਜ਼ ਹੈ ਮਾਂ। ਪਰੰਤੂ ਉਹੀ ਬੱਚਾ ਜਿਸ ਵੇਲੇ ੨੫ ਸਾਲ ਦਾ ਹੋਇਆ ਤਾਂ ਚਾਰ ਫੇਰੇ ਲੈ ਕੇ ਉਸ ਨੇ ਇਕ ਨਵਾਂ ਰਿਸ਼ਤਾ ਬਣਾ ਲਿਆ। ਜਿਸ ਦੇ ਨਾਲ ਚਾਰ ਫੇਰੇ ਲਏ ਸਨ, ਤਿੰਨਾਂ ਮਹੀਨਿਆਂ ਬਾਅਦ ਉਸ ਦੇ ਵੱਲ ਹੋ ਕੇ ਮਾਂ ਨੂੰ ਭੁੱਲ ਗਿਆ ਅਤੇ ਮਾਂ ਦੇ ਸਾਹਮਣੇ ਡੱਟ ਗਿਆ। ਕਹਿੰਦਾ ਹੈ ਕਿ ਤੇਰੀ ਮੇਰੀ ਨਹੀਂ ਨਿਭਣੀ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ-

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥

(ਅੰਗ ੬੩੪)

ਅੰਤ ਵੇਲੇ ਨਾ ਮਾਂ ਬਣੀ, ਨਾ ਪਿਉ ਬਣਿਆ, ਨਾ ਮਿੱਤਰ ਬਣਿਆ।

ਸਤਿਗੁਰੂ ਸਾਡੇ ਸਾਰਿਆਂ 'ਤੇ ਕ੍ਰਿਪਾ ਕਰਨ। ਅਸੀਂ ਵੱਧ ਤੋਂ ਵੱਧ ਗੁਰਦੁਆਰੇ ਜਾਇਆ ਕਰੀਏ। ਗੁਰੂ ਦੇ ਚਰਨਾਂ ਨਾਲ ਜੁੜੀਏ। ਅੰਮ੍ਰਿਤਪਾਨ ਕਰੀਏ। ਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲੀਏ। ਕਦੀ ਕੋਈ ਅਜਿਹਾ ਕੰਮ ਨਾ ਕਰੀਏ ਕਿ ਜਿਸ ਨਾਲ ਗੁਰੂ ਦੀ ਸਾਡੇ ਵੱਲ ਪਿੱਠ ਹੋ ਜਾਏ। ਸਾਧ ਸੰਗਤ ਜੀ! ਮੇਰੇ ਕੋਲੋਂ ਬੇਅੰਤ ਭੁੱਲਾਂ ਹੋਈਆਂ ਹੋਣਗੀਆਂ। ਉਹ ਭੁੱਲਾਂ ਮੇਰੀਆਂ ਜਾਣ ਕੇ ਮੈਨੂੰ ਮਾਫ਼ ਕਰ ਦੇਣੀਆਂ। ਬਚਨ ਗੁਰੂ ਦਾ ਜਾਣ ਕੇ ਉਸ ਨੂੰ ਹਿਰਦੇ ਦੇ ਅੰਦਰ ਵਸਾਉਣਾ ਤਾਂ ਜੋ ਮੇਰਾ ਅਤੇ ਤੁਹਾਡਾ ਸਮਾਂ ਲੇਖੇ ਵਿਚ ਲੱਗ ਜਾਏ ਅਤੇ ਅਸੀਂ ਅੰਤ ਵੇਲੇ ਮੂੰਹ ਉੱਜਲਾ ਲੈ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਜਾਈਏ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਗੂਜਰੀ ਜਾਤਿ ਗਵਾਰਿ

ਪਰਮ ਸਤਿਕਾਰ ਯੋਗ ਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ ਜੀ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਗੁਰਬਾਣੀ ਦੀਆਂ ਰਮਜ਼ਾਂ ਉਹੀ ਜਾਣਦਾ ਹੈ ਜਿਹੜਾ ਬਾਣੀ ਨੂੰ ਅਰਸ਼ਾਂ ਉੱਤੋਂ ਫ਼ਰਸ਼ ਉੱਤੇ ਲਿਆਇਆ। ਅਸੀਂ ਤਾਂ ਇਕ ਨਿੱਕੀ ਜਿਹੀ ਗੱਲ ਦਾ ਧਿਆਨ ਧਰੀਏ ਤਾਂ ਉਲਝਣ ਵਿਚ ਫੱਸ ਜਾਂਦੇ ਹਾਂ। ਮਿਸਾਲ ਦੇ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਕੱਥ, ਅਮਿੱਟ ਬਚਨ ਹੈ :-

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥

(ਅੰਗ ੫੧੬)

ਇਹ ਨਾ ਸੰਸਕ੍ਰਿਤ ਹੈ, ਨਾ ਹਿੰਦੀ ਹੈ, ਨਾ ਇਸ ਬਚਨ ਵਿਚ ਅਰਬੀ, ਫ਼ਾਰਸੀ ਦਾ ਜ਼ੋਰ ਹੈ। ਮੈਂ ਉਦੋਂ ਦਾ ਇਹ ਬਚਨ ਤੁਹਾਡੇ ਸਾਹਮਣੇ ਰੱਖਣ ਲੱਗਾ ਹਾਂ ਜਦੋਂ ਮੈਂ ਹਾਲਾਂ ਪੜ੍ਹਦਾ ਹੁੰਦਾ ਸੀ। ਮੈਨੂੰ ਇਸ ਬਚਨ ਦੇ ਅਰਥ ਸੁਣਾਏ ਗਏ ਕਿ ਗੁਜਰ ਗਵਾਰ ਹਨ। ਗੂਜਰਾਂ ਦੀ ਜਾਤ ਗਵਾਰ ਹੈ। ਕਿਉਂ ਗਵਾਰ ਹੈ? ਇਸ ਦਾ ਨਿਰਣਾ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕੀਤਾ :-

ਗੁਜਰੁ ਗੋਰਸੁ ਵੇਚਿ ਕੈ

ਜਿਹੜਾ ਗੁਜਰ ਹੈ ਉਹ ਗਾਂ ਦਾ ਦੁੱਧ ਵੇਚ ਕੇ, ਅੰਮ੍ਰਿਤ ਦੁੱਧ ਵੇਚ ਕੇ-

ਖਲਿ ਸੂੜੀ ਆਣੈ।

(ਵਾਰ 34, ਪਉੜੀ 4)

ਸ਼ਹਿਰੋਂ ਆਉਂਦਾ ਹੋਇਆ ਗਾਂ ਵਾਸਤੇ ਖੱਲ ਤੇ ਸੂੜੀ ਲੈ ਕੇ ਆਉਂਦਾ ਹੈ। ਵੇਚਦਾ ਅੰਮ੍ਰਿਤ ਹੈ ਤੇ ਖ਼ਰੀਦਦਾ ਹੈ ਖੱਲ, ਸੂੜੀ। ਜਿਹੜਾ ਹੀਰੇ ਵੇਚ ਕੇ ਸੂੜੀ ਦੀਆਂ ਬੋਰੀਆਂ ਭਰ ਕੇ ਘਰ ਲੈ ਆਵੇ, ਉਹ ਗਵਾਰ ਨਹੀਂ ਤਾਂ ਹੋਰ ਕੀ ਹੈ।

ਮੈਨੂੰ ਅਰਥ ਸੁਣਾਉਂਦੇ ਹੋਏ ਕਹਿਣ ਲੱਗੇ ਕਿ ਗੁਜਰਾਂ ਦੀ ਗਵਾਰ ਜਾਤ ਵਿਚ ਜਨਮ ਲੈ ਲਿਆ ਹੈ ਰਾਧਾ ਨੇ। ਜੇ ਰਾਧਾ ਵਰਗੀ ਗਵਾਰਨ ਆਪਣਾ ਸਹੁ ਕ੍ਰਿਸ਼ਨ ਹਾਸਿਲ ਕਰ ਸਕਦੀ ਹੈ, ਜੇ ਉਹ ਆਪਣਾ ਪ੍ਰੇਮੀ ਕ੍ਰਿਸ਼ਨ ਪ੍ਰਾਪਤ ਕਰ ਸਕਦੀ ਹੈ ਤਾਂ ਉੱਚੀ ਜਾਤ ਦਾ ਮਾਣ ਕਰਨ ਵਾਲਿਆ ! ਤੈਨੂੰ ਰੱਬ ਨਹੀਂ ਮਿਲੇਗਾ। ਮੈਨੂੰ ਕਹਿਣ ਲੱਗੇ—ਐ ਮਨੁੱਖ ! ਤੇਰੀ ਉਮਰ ਐਵੇਂ ਗੁਜ਼ਰਦੀ ਜਾਂਦੀ ਹੈ। ਮਹਾਰਾਜ ! ਚੰਗੀ ਕਦੋਂ ਹੋਵੇਗੀ ? ਕਹਿਣ ਲੱਗੇ—ਜਦੋਂ ਤੂੰ ਆਪਣਾ ਪ੍ਰਮਾਤਮਾ ਸਤਿਨਾਮ ਵਾਹਿਗੁਰੂ ਪਾ ਲਵੇਂਗਾ, ਉਸ ਸਮੇਂ ਤੇਰਾ ਜਨਮ ਸਫਲਾ ਹੋ ਜਾਵੇਗਾ। ਉਮਰ ਤੇਰੀ ਲੇਖੇ ਲੱਗ ਜਾਵੇਗੀ। ਜੇ ਪ੍ਰਮਾਤਮਾ ਨਾ ਪਾਇਆ ਤਾਂ ਗਵਾਰਾ ! ਫਿਰ ਤੇਰੀ ਉਮਰ ਐਵੇਂ ਗੁਜ਼ਰ ਗਈ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾ ਲਿਆ, ਉਹਨਾਂ ਦੀ ਜਿਹੜੀ ਗਵਾਰਪੁਣੇ ਵਾਲੀ ਜਾਤ ਸੀ, ਉਹ ਖ਼ਤਮ ਹੋ ਗਈ। ਹੁਣ ਉਹਨਾਂ ਨੂੰ :-

ਰੇ ਰੇ ਦਰਗਹ ਕਹੈ ਨ ਕੋਊ॥
ਆਉ ਬੈਠੁ ਆਦਰੁ ਸੁਭ ਦੇਊ॥

(ਅੰਗ ੨੫੨)

ਜਿਨ੍ਹਾਂ ਨੇ ਆਪਣੇ ਪਤੀ ਨੂੰ ਪ੍ਰਾਪਤ ਕਰ ਲਿਆ, ਉਹਨਾਂ ਨੂੰ ਰਾਜੇ ਮਹਾਰਾਜੇ ਮੱਥਾ ਟੇਕਣ ਲੱਗ ਪਏ।

ਕਈ ਸੱਜਣ ਗੁਰਮਤਿ ਦੀ ਸਟੇਜ ਉੱਤੇ ਕਹਿੰਦੇ ਹਨ ਕਿ ਫਲਾਨਾ ਬੜਾ ਵਧੀਆ ਬੋਲਦਾ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਕ ਗੁਰਮੁਖ ਸਿੰਘ ਸਾਹਿਬ ਬੈਠੇ ਸਨ ਤੇ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਉਹਨਾਂ ਨੇ ਬੜੇ ਪ੍ਰਮਾਣ ਦਿੱਤੇ। ਸਮਾਪਤੀ ਤੋਂ ਬਾਅਦ ਉਹਨਾਂ ਨੇ ਰਾਗੀ ਸਿੰਘਾਂ ਨੂੰ ਆਪਣੇ ਕੋਲ ਬੁਲਾ ਲਿਆ ਅਤੇ ਕਹਿਣ ਲੱਗੇ—ਪੁੱਤਰੋ ! ਇਹ ਕੀਰਤਨ ਸਿਮਰਨ ਹੈ। ਸਿਮਰਨ ਚਿਮਟਿਆਂ ਨਾਲ ਨਹੀਂ ਹੁੰਦਾ। ਤੁਸਾਂ ਜਿੰਨੇ ਵੀ ਪ੍ਰਮਾਣ ਦਿੱਤੇ ਹਨ, ਬੜੀ ਚੰਚਲਤਾ ਨਾਲ ਦਿੱਤੇ ਹਨ, ਬੜੀ ਚਤੁਰਤਾ ਨਾਲ ਦਿੱਤੇ ਹਨ। ਇਹ ਢੰਗ ਆਪਣਾ ਛੱਡ ਦਿਉ। ਕੀਰਤਨ ਸਿਮਰਨ ਜਾਣ ਕੇ ਕਰੋ। ਗੁਰੂ ਕੇ ਸਿੱਖੋ ! ਬਚਨ ਆਇਆ :-

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥

ਹੇ ਮੇਰੇ ਮਨਾ ! ਜਿਸ ਨੇ ਆਪਣੇ ਅੰਦਰੋਂ ਹਨੇਰਾ ਕੱਢ ਦਿੱਤਾ :-

ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥

(ਅੰਗ ੬੧੦)

ਜਿਸ ਦੇ ਅੰਦਰੋਂ ਭਰਮ ਦਾ ਹਨੇਰਾ ਦੂਰ ਹੋ ਗਿਆ ਅਤੇ ਅੰਦਰ ਚਾਨਣ ਹੋ ਗਿਆ, ਉਸ ਨੂੰ ਫਿਰ ਦੁਨੀਆਂ ਦੇ ਤਖ਼ਤੇ ਉੱਤੇ ਕੋਈ ਵੀ ਭੁੱਲਿਆ ਹੋਇਆ ਨਜ਼ਰ ਨਹੀਂ ਆਉਂਦਾ, ਕਿਉਂਕਿ ਉਹ ਸਾਰਿਆਂ ਵਿਚ ਇਕ ਬ੍ਰਹਮ ਨੂੰ ਦੇਖਦਾ ਹੈ। ਇਕ ਨੂੰ ਵਿਆਪਕ ਹੋਇਆ ਵੇਖਦਾ ਹੈ। ਇਕ ਨੂੰ ਰਮਿਆ ਹੋਇਆ ਦੇਖਦਾ ਹੈ। ਪਰ ਇਸ ਲਈ ਸ਼ਰਤ ਹੈ ਕਿ ਉਸ ਨੂੰ ਹੀ ਇਹ ਸਭ ਕੁਝ ਪ੍ਰਾਪਤ ਹੋ ਸਕਦਾ ਹੈ ਜਿਸ ਦੇ ਆਪਣੇ ਮਨ ਦਾ ਭਰਮ ਦੂਰ ਹੋ ਗਿਆ ਹੋਵੇ। ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਬਚਨ ਹੈ :-

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥
ਬਿਨੁ ਤੇਲ ਦੀਵਾ ਕਿਉ ਜਲੈ॥ (ਅੰਗ ੨੫)

ਹੇ ਪ੍ਰਮਾਤਮਾ ! ਜਿਹੜੇ ਆਪਣੇ ਆਪ ਨੂੰ ਮੰਨਦੇ ਸਨ ਕਿ ਕੋਈ ਵੀ ਸਾਨੂੰ ਛਲ ਨਹੀਂ ਸਕਦਾ, ਉਹ ਵੀ ਛੱਲੇ ਗਏ। ਹੇ ਵਾਹਿਗੁਰੂ! ਮੇਰੇ ਉੱਤੇ ਕ੍ਰਿਪਾ ਕਰ ਕਿ ਬ੍ਰਹਮਾ, ਮਹੇਸ਼ ਤੇ ਵਿਸ਼ਨੂੰ ਨੂੰ ਛੱਲ ਲੈਣ ਵਾਲੀ ਕਿਤੇ ਮੈਨੂੰ ਨਾ ਛੱਲ ਲਵੇ। ਕਿਤੇ ਮੇਰੇ ਉੱਤੇ ਉਸ ਦਾ ਵਾਰ ਨਾ ਚੱਲ ਜਾਵੇ। ਕਿਤੇ ਮੈਨੂੰ ਉਹ ਕੁਰਾਏ ਨਾ ਪਾ ਦੇਵੇ।

ਹੇ ਵਾਹਿਗੁਰੂ ! ਜਿਹੜੇ ਲੁੱਟ ਲੈਣ ਵਾਲੇ ਹੁੰਦੇ ਹਨ, ਜੇ ਉਹਨਾਂ ਦਾ ਕੋਈ ਦਾਉ ਪੇਚ ਨਾ ਚੱਲੇ ਤਾਂ ਫਿਰ ਉਹਨਾਂ ਨੇ ਲੁਕਾ ਕੇ ਇਕ ਛੁਰਾ ਰੱਖਿਆ ਹੋਇਆ ਹੁੰਦਾ ਹੈ, ਜਿਸ ਦੇ ਨਾਲ ਉਹ ਵਾਰ ਕਰ ਕੇ ਬੰਦੇ ਨੂੰ ਕਤਲ ਕਰਕੇ, ਉਸ ਨੂੰ ਮਾਰ ਕੇ ਲੁੱਟ ਕੇ ਲੈ ਜਾਂਦੇ ਹਨ। ਜਿਹੜੀ ਠੱਗਣੀ ਵਾਸਤੇ ਮੈਂ ਬਹਿਸ ਕਰ ਰਿਹਾ ਹਾਂ, ਇਸ ਨੇ ਆਪਣੇ ਕੋਲ ਇਕ ਬੜਾ ਭਾਰਾ ਛੁਰਾ ਰੱਖਿਆ ਹੋਇਆ ਹੈ। ਕਿਤੇ ਉਹ ਮੇਰੇ ਉੱਤੇ ਵਾਰ ਨਾ ਕਰ ਦੇਵੇ। ਹੇ ਵਾਹਿਗੁਰੂ ! ਮੈਨੂੰ ਬਚਾਅ ਲਈਂ। ਧੁਰ ਦਰਗਾਹੋਂ ਇਕ ਆਵਾਜ਼ ਆਈ ਕਿ ਜੇ ਬੱਚਣਾ ਹੈ ਤਾਂ ਇਕ ਗੱਲ ਕਰ :-

ਜਿਉ ਸਾਹਿਬੁ ਰਾਖੈ ਤਿਉ ਰਹੈ॥

(ਅੰਗ ੨੫)

ਮਾਲਕ ਦੇ ਰਾਹ ਉੱਤੇ ਚੱਲ। ਨਿਰੰਕਾਰ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ। ਜਿੱਧਰ ਉਹ ਤੋਰਦਾ ਹੈ, ਉੱਧਰ ਹੀ ਤੁਰਿਆ ਰਹੋ।

ਜਗਿਆਸੂ ਨੇ ਬੇਨਤੀ ਕੀਤੀ—ਸਾਹਿਬ ਜੀ ! ਮੇਰੇ ਅੰਦਰ ਭਰਮ ਦਾ ਹਨੇਰਾ ਹੈ। ਉਸ ਭਰਮ ਦੇ ਹਨੇਰੇ ਵਿਚ ਮੇਰਾ ਪੈਰ ਫਿਸਲ ਜਾਂਦਾ ਹੈ। ਮੈਂ ਕਿਵੇਂ ਸਾਹਿਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਾਂ ?

ਇਸੁ ਲੋਭੀ ਕਾ ਜੀਉ ਟਲ ਪਲੈ॥

ਮੇਰੇ ਅੰਦਰ ਲੋਭ ਦਾ ਹਨੇਰਾ ਹੈ। ਉਸ ਲੋਭ ਦੇ ਹਨੇਰੇ ਵਿਚ ਮੈਂ ਕੁਰਾਹੇ ਪੈ ਜਾਂਦਾ ਹਾਂ। ਮੈਂ ਭਾਣੇ ਵਿਚ ਕਿਵੇਂ ਚੱਲਾਂ ? ਦਰਗਾਹ ਵਿਚੋਂ ਆਵਾਜ਼ ਆਈ ਕਿ ਤੇਰੇ ਅੰਦਰ ਲੋਭ ਦਾ ਹਨੇਰਾ ਹੈ ਤੇ ਉਸ ਹਨੇਰੇ ਵਿਚ ਜੇਕਰ ਤੂੰ ਠੋਕਰਾਂ ਖਾ ਜਾਂਦਾ ਹੈਂ, ਜੇ ਤੂੰ ਡਿੱਗ ਪੈਂਦਾ ਹੈਂ, ਜੇ ਤੂੰ ਰਸਤਿਉਂ ਕੁਰਸਤੇ ਪੈ ਜਾਂਦਾ ਹੈਂ ਤਾਂ ਇਸ ਦੀ ਯੁਕਤੀ ਇਹ ਹੈ ਕਿ ਤੂੰ ਚਾਨਣ ਕਰ ਲੈ। ਦੀਵਾ ਬਾਲ ਲੈ। ਜਗਿਆਸੂ ਨੇ ਜਵਾਬ ਦਿੱਤਾ—ਪਾਤਿਸ਼ਾਹ ! ਨਾ ਮੇਰੇ ਕੋਲ ਦੀਵਾ ਹੈ, ਨਾ ਮੇਰੇ ਕੋਲ ਬੱਤੀ ਹੈ, ਨਾ ਮੇਰੇ ਕੋਲ ਤੇਲ ਹੈ ਅਤੇ ਨਾ ਹੀ ਮੇਰੇ ਕੋਲ ਅੱਗ ਹੈ। ਜੇ ਮੈਂ ਚਾਹਵਾਂ ਤਾਂ ਵੀ ਮੈਂ ਦੀਵਾ ਬਾਲ ਨਹੀਂ ਸਕਦਾ, ਕਿਉਂਕਿ ਇਹ ਚਾਰੇ ਚੀਜ਼ਾਂ ਮੇਰੇ ਕੋਲ ਨਹੀਂ ਹਨ। ਹਜ਼ੂਰ ਜਵਾਬ ਦਿੰਦੇ ਹਨ:-

ਪੋਥੀ ਪੁਰਾਣ ਕਮਾਈਐ॥

ਇਸ ਦੇ ਵਿਚ ਪੁਰਾਨਾਂ ਦਾ ਜ਼ਿਕਰ ਨਹੀਂ। ਪੁਰਾਣੀਆਂ ਪੋਥੀਆਂ, ਜਿਨ੍ਹਾਂ ਦੇ ਵਿਚ ਰੱਬ ਦੇ ਨਾਮ ਦਾ ਜ਼ਿਕਰ ਹੈ। ਰੱਬ ਨੂੰ ਪ੍ਰਾਪਤ ਕਰਨ ਦੇ ਢੰਗ ਤਰੀਕੇ, ਯੁਕਤੀਆਂ ਲਿਖੀਆਂ ਹਨ, ਉਹਨਾਂ ਦੀ ਕਮਾਈ ਕਰ।

ਪੋਥੀ ਪੁਰਾਣ ਕਮਾਈਐ॥
ਭਉ ਵਟੀ ਇਤੁ ਤਨਿ ਪਾਈਐ॥

(ਅੰਗ ੨੫)

ਇਸ ਤਨ ਨੂੰ ਦੀਵਾ ਬਣਾ। ਵਾਹਿਗੁਰੂ ਕੋਲੋਂ ਡਰ ਅਤੇ ਇਸ ਡਰ ਨੂੰ ਬੱਤੀ ਬਣਾ। ਪਰ ਅਸੀਂ ਰੱਬ ਦਾ ਭੈਅ ਹੀ ਨਹੀਂ ਖਾਂਦੇ। ਅਸੀਂ ਤਾਂ ਰੱਬ ਨੂੰ ਇਕ ਖਿਡੌਣਾ ਜਿਹਾ ਹੀ ਸਮਝ ਲਿਆ ਹੈ। ਸਾਡੀਆਂ ਕਰਤੂਤਾਂ ਵੱਲ ਦੇਖ ਕੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਨੇ ਹੋਕਾ ਦੇ ਦਿੱਤਾ:-

ਮਾਥੇ ਤਿਲਕੁ ਹਥਿ ਮਾਲਾ ਬਾਨਾਂ॥
ਲੋਗਨ ਰਾਮੁ ਖਿਲਉਨਾ ਜਾਨਾਂ॥

(ਅੰਗ ੧੧੫੮)

ਲਿਬਾਸ ਵੀ ਸੰਤ ਵਰਗਾ ਹੈ। ਮੱਥੇ 'ਤੇ ਤਿਲਕ ਵੀ ਲਗਾਇਆ ਹੈ ਕਿ ਇਹ ਬ੍ਰਾਹਮਣ ਹੈ। ਹੱਥ ਵਿਚ ਮਾਲਾ ਫੇਰ ਰਿਹਾ ਹੈ, ਪਰੰਤੂ ਅੰਦਰ ਕਪਟ ਹੈ, ਧੋਖਾ ਹੈ। ਲੋਕਾਂ ਨੇ ਰਾਮ ਜੀ ਨੂੰ ਇਕ ਖਿਡੌਣਾ ਸਮਝ ਲਿਆ ਹੈ। ਗੁਰੂ ਕੋਲ ਜਾ। ਗੁਰੂ ਕੋਲੋਂ ਸੱਚ ਨੂੰ ਸਮਝ। ਇਹ ਜਿਹੜਾ ਸੱਚ ਨੂੰ ਸਮਝ ਲੈਣਾ ਹੈ, ਉਹ ਅੱਗ ਹੈ। ਗੁਰੂ ਕੋਲੋਂ ਸੱਚ ਨੂੰ ਬੁੱਝ ਕੇ ਤੇ ਸੱਚ ਨੂੰ ਬੁੱਝਣ ਦੀ ਅੱਗ ਲਿਆ ਕੇ ਉਸ ਦੇ ਨਾਲ ਇਸ ਤਨ ਦੇ ਦੀਵੇ ਵਿਚ ਪਈ ਹੋਈ ਵਾਹਿਗੁਰੂ ਦੇ ਡਰ ਦੀ ਬੱਤੀ ਜਗਾ ਲੈ ਤਾਂ ਚਾਨਣਾ ਹੋ ਜਾਇਗਾ।

ਸਚੁ ਬੂਝਣੁ ਆਣਿ ਜਲਾਈਐ॥
ਇਹੁ ਤੇਲੁ ਦੀਵਾ ਇਉ ਜਲੈ॥
ਕਰਿ ਚਾਨਣੁ ਸਾਹਿਬ ਤਉ ਮਿਲੈ॥

(ਅੰਗ ੨੫)

ਇਹ ਦੀਵਾ, ਇਹ ਤੇਲ, ਇਹ ਅੱਗ ਜਲਾ ਲੈ, ਚਾਨਣਾ ਕਰ ਲੈ, ਤੈਨੂੰ ਸਾਹਿਬ ਮਿਲ ਪਏਗਾ। ਜੇਕਰ ਤੂੰ ਹਨੇਰੇ ਵਿਚ ਰਿਹਾ, ਜੇਕਰ ਤੂੰ ਭਰਮਾਂ ਵਿਚ ਰਿਹਾ ਤਾਂ ਤੈਨੂੰ ਸਾਹਿਬ ਦਾ ਮਿਲਾਪ ਨਹੀਂ ਹੋ ਸਕੇਗਾ। ਆਪਣੇ ਮਨ ਨੂੰ ਧੋ ਲੈ। ਜਿੰਨੇ ਵੀ ਗੁਰੂ ਦੇ ਸਿੱਖ ਹੋ, ਆਪਣੇ ਮਨ ਨੂੰ ਨਿਸ਼ਾਨਾ ਬਣਾ ਕੇ, ਆਪਣੇ ਮਨ ਨੂੰ ਸਾਹਮਣੇ ਰੱਖ ਕੇ ਇਸ ਦੇ ਵਿਚ ਤੀਰ ਮਾਰੋ। ਸੰਸਾਰੀ ਤੌਰ 'ਤੇ ਜਿਹੜਾ ਜਨਮ ਤੋਂ ਸੁਖੀ ਹੈ, ਉਹ ਤਮਾਮ ਲੋਕਾਈ ਨੂੰ ਆਪਣੀ ਨਜ਼ਰ ਨਾਲ ਸੁਖੀ ਦੇਖਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਂਦੇ ਹਨ ਕਿ ਜਿਹੋ ਜਿਹਾ ਮਨੁੱਖ ਦਾ ਆਪਣਾ ਮਨ ਹੁੰਦਾ ਹੈ, ਇਹ ਦੂਜੇ ਦਾ ਮਨ ਵੀ ਉਹੋ ਜਿਹਾ ਸਮਝਦਾ ਹੈ।

ਪਾਂਡਵਾਂ ਦੀ ਮਿਸਾਲ ਸਾਡੇ ਸਾਹਮਣੇ ਹੈ। ਰਾਜ-ਗੁਰੂ ਨੇ ਕਿਹਾ—ਯੁਧਿਸ਼ਟਰਾ ! ਇਕ ਪਾਪੀ ਲੱਭ ਕੇ ਲਿਆ ਅਤੇ ਦੁਰਯੋਧਨ ਨੂੰ ਵੀ ਭੇਜਿਆ ਕਿ ਇਕ ਧਰਮਾਤਮਾ ਲੱਭ ਕੇ ਲਿਆ। ਦੋਵੇਂ ਸਾਰੇ ਪਾਸੇ ਫਿਰ-ਤੁਰ ਕੇ ਵਾਪਸ ਆ ਗਏ। ਰਾਜ-ਗੁਰੂ ਨੇ ਪੁੱਛਿਆ—ਯੁਧਿਸ਼ਟਰਾ ! ਕੋਈ ਪਾਪੀ ਲੱਭਿਆ ਈ ? ਉਹ ਆਪ ਬੜਾ ਨਿਰਮਲ ਸੀ। ਆਪ ਬੜੇ ਉੱਚੇ ਜੀਵਨ ਦਾ ਮਾਲਕ ਸੀ।

ਉਹ ਹੱਥ ਜੋੜ ਕੇ ਕਹਿਣ ਲੱਗਾ—ਮਹਾਰਾਜ ! ਅੰਤਰ-ਧਿਆਨ ਹੋ ਕੇ ਵੀ ਦੇਖਿਆ ਹੈ ਤੇ ਫਿਰ ਤੁਰ ਕੇ ਵੀ ਦੇਖਿਆ ਹੈ, ਪਰੰਤੂ ਦੁਨੀਆਂ ਵਿਚ ਮੈਨੂੰ ਪਾਪੀ ਕਿਤੇ ਵੀ ਕੋਈ ਨਹੀਂ ਲੱਭਿਆ। ਦੁਰਯੋਧਨ ਨੂੰ ਪੁੱਛਿਆ ਕਿ ਤੂੰ ਕੋਈ ਧਰਮਾਤਮਾ ਲੱਭ ਕੇ ਲਿਆਇਆ ਹੈਂ ? ਦੁਰਯੋਧਨ ਕਹਿਣ ਲੱਗਾ ਕਿ ਇਕ-ਇਕ ਬੰਦੇ ਦੀ ਛਾਨ ਬੀਨ ਕਰ ਕੇ ਦੇਖਿਆ ਹੈ, ਪਰੰਤੂ ਦੁਨੀਆਂ ਵਿਚ ਮੈਨੂੰ ਕੋਈ ਧਰਮਾਤਮਾ ਨਹੀਂ ਲੱਭਿਆ।

ਰਾਜ-ਗੁਰੂ ਬੜਾ ਹੈਰਾਨ ਹੋਇਆ ਅਤੇ ਕਹਿਣ ਲੱਗਾ ਕਿ ਯੁਧਿਸ਼ਟਰ ! ਤੂੰ ਕਹਿੰਦਾ ਹੈਂ ਕਿ ਦੁਨੀਆਂ ਵਿਚ ਪਾਪੀ ਕੋਈ ਨਹੀਂ ਪਰੰਤੂ ਦੁਰਯੋਧਨ ਕਹਿੰਦਾ ਹੈ ਕਿ ਦੁਨੀਆਂ ਵਿਚ ਧਰਮਾਤਮਾ ਹੀ ਕੋਈ ਨਹੀਂ। ਦੁਨੀਆਂ ਇਕ ਹੈ, ਦੇਖਣ ਵਾਲੇ ਤੁਸੀਂ ਦੋ ਹੋ। ਰਾਜ-ਗੁਰੂ ਕਹਿਣ ਲੱਗਾ-ਬੇਟਾ ! ਜਿਹੜਾ ਆਪ ਪਾਪੀ ਹੈ, ਉਸ ਦੇ ਲਈ ਸਾਰੇ ਪਾਪੀ ਹਨ। ਜਿਹੜਾ ਆਪ ਧਰਮਾਤਮਾ ਹੈ, ਉਸ ਦੇ ਲਈ ਸਾਰੇ ਧਰਮਾਤਮਾ ਹਨ। ਹੇ ਦੁਰਯੋਧਨ ! ਤੇਰਾ ਆਪਣਾ ਹੀ ਮਨ ਸ਼ੁੱਧ ਨਹੀਂ, ਇਸ ਲਈ ਤੈਨੂੰ ਸਾਰੀ ਦੁਨੀਆਂ ਹੀ ਮੈਲੀ ਨਜ਼ਰ ਆ ਰਹੀ ਹੈ। ਜਿਨ੍ਹਾਂ ਦਾ ਆਪਣਾ ਆਪਾ ਧੋਤਾ ਗਿਆ ਹੈ, ਉਹ ਕਿਸੇ ਨੂੰ ਵੀ ਓਪਰਾ ਸਮਝਦੇ ਹੀ ਨਹੀਂ। ਉਹ ਕਹਿੰਦੇ ਹਨ :-

ਬੁਰਾ ਭੁਲਾ ਕਹੁ ਕਿਸ ਨੋ ਕਹੀਐ॥

(ਅੰਗ ੩੫੩)

ਗੁਰੂ ਗ੍ਰੰਥ ਸਾਹਿਬ ਵਿਚ ਹਜ਼ੂਰ ਫ਼ੁਰਮਾਂਦੇ ਹਨ :-

ਨਿੰਦਉ ਨਾਹੀ ਕਾਹੂ ਬਾਤੈ ਏਹੁ ਖਸਮ ਕਾ ਕੀਆ॥

(ਅੰਗ ੬੧੧)

ਮੈਂ ਕਿਸੇ ਗੱਲੋਂ ਵੀ ਜਹਾਨ ਨੂੰ ਨਿੰਦਣਾ ਨਹੀਂ, ਕਿਉਂਕਿ ਇਹ ਮੇਰੇ ਖਸਮ ਦਾ ਬਣਾਇਆ ਹੋਇਆ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਅੰਗ ੪੬੩)

ਇਹ ਵਾਹਿਗੁਰੂ ਦੇ ਰਹਿਣ ਦੀ ਕੋਠੜੀ ਹੈ। ਇਸ ਦੇ ਵਿਚ ਮੇਰਾ ਨਿਰੰਕਾਰ ਵੱਸਦਾ ਹੈ, ਪਰੰਤੂ ਵੱਸਦਾ ਹੋਇਆ ਉਸ ਨੂੰ ਹੀ ਨਜ਼ਰ ਆਉਂਦਾ ਹੈ ਜਿਸ ਦਾ ਆਪਣਾ ਮਨ ਸ਼ੁੱਧ ਹੋ ਗਿਆ ਹੋਵੇ। ਜੇ ਤੇਰਾ ਦਿਲ ਧੋਤਾ ਜਾਏ,

ਫਿਰ ਜਿਸ ਨੂੰ ਤੂੰ ਟੋਇਆਂ ਟਿੱਬਿਆਂ ਉੱਤੇ ਲੱਭਦਾ ਫਿਰਦਾ ਹੈਂ, ਜੰਗਲਾਂ ਵਿਚ ਲੱਭਦਾ ਫਿਰਦਾ ਹੈਂ, ਉਹ ਸੱਜਣ ਵਾਹਿਗੁਰੂ ਤੇਰੇ ਅੰਦਰ ਹੀ ਬੈਠਾ ਹੋਇਆ ਤੈਨੂੰ ਲੱਭ ਪਵੇਗਾ। ਜੇਕਰ ਤੇਰੀਆਂ ਅੱਖਾਂ ਨੂੰ ਦੇਖਣ ਦੀ ਜਾਚ ਆ ਜਾਏ, ਜੇਕਰ ਤੈਨੂੰ ਆਪਣਾ ਆਪ ਵਾਰਨਾ ਆ ਗਿਆ, ਤਾਂ ਫਿਰ ਤੂੰ ਇਹ ਸਮਝ ਲਈਂ ਕਿ ਤੈਨੂੰ ਉਹ ਦੌਲਤ ਮਿਲ ਗਈ ਹੈ ਜਿਸ ਨੇ ਕਦੀ ਨਾਸ਼ ਹੀ ਨਹੀਂ ਹੋਣਾ।

ਜਿਹੜੇ ਵੀ ਰੱਬ ਤੱਕ ਪਹੁੰਚੇ ਹੋਏ ਨਾਮ ਸਿਮਰਨ ਵਾਲੇ ਬੰਦੇ ਹਨ, ਉਹਨਾਂ ਦੀ ਸੇਵਾ ਵਿਚੋਂ ਇਕ ਧਨ ਲੱਭਦਾ ਹੈ ਤੇ ਉਹ ਅਜਿਹਾ ਧਨ ਹੈ ਜਿਸ ਧਨ ਨੂੰ ਬਾਦਸ਼ਾਹਾਂ ਕੋਲੋਂ ਨਹੀਂ ਲੱਭਿਆ ਜਾ ਸਕਦਾ। ਉਹ ਦੌਲਤ ਸਾਧ ਸੰਗਤ ਵਿਚੋਂ ਹੀ ਲੱਭਦੀ ਹੈ ਅਤੇ ਉਸ ਦੌਲਤ ਨੂੰ ਹੀ ਨਾਮ ਧਨ ਕਹਿੰਦੇ ਹਨ। ਉਹ ਹੀ ਮੁਕੰਮਲ ਤੇ ਸੰਪੂਰਨ ਸ਼ਾਹ ਹੈ ਜਿਸ ਦੇ ਹਿਰਦੇ ਵਿਚ ਸਤਿਨਾਮ ਵਾਹਿਗੁਰੂ ਵੱਸਦਾ ਹੈ। ਜਿਹੜਾ ਵਾਹਿਗੁਰੂ ਹੈ, ਉਸ ਨੇ ਸੁੱਖ ਤੇ ਦੁੱਖ ਦਾ ਸੰਜੋਗ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ।

ਜਦੋਂ ਪਾਕਿਸਤਾਨ ਬਣਿਆ ਸੀ ਤਾਂ ਮੇਰੀ ਉਦੋਂ ਸ਼੍ਰੋਮਣੀ ਕਮੇਟੀ ਵੱਲੋਂ ਡਿਊਟੀ ਸੀ। ਮੈਂ ਬਾਹਰ ਜਾ ਕੇ ਚੱਕਰ ਮਾਰ ਕੇ ਆਇਆ ਕਿ ਕਿੱਥੇ ਕਿੱਥੇ ਸਾਡੇ ਭਰਾ ਬੈਠੇ ਹਨ ? ਮੈਂ ਹਰਿਦੁਆਰ ਚਲਾ ਗਿਆ। ਮੈਨੂੰ ਭੁੱਖ ਲੱਗੀ ਸੀ। ਮੈਂ ਇਕ ਦੁਕਾਨ 'ਤੇ ਰੋਟੀ ਖਾਣ ਚਲਾ ਗਿਆ। ਉਥੇ ਚਾਰ ਕੁ ਬੀਬੀਆਂ ਪਾਕਿਸਤਾਨੋਂ ਆਈਆਂ ਹੋਈਆਂ ਸਨ। ਉਹਨਾਂ ਨੂੰ ਦੇਖ ਕੇ ਮੈਨੂੰ ਇਉਂ ਜਾਪਿਆ ਜਿਵੇਂ ਇਹ ਕਿਸੇ ਰਿਆਸਤ ਦੀਆਂ ਰਾਣੀਆਂ ਹਨ। ਜਦੋਂ ਉਹ ਰੋਟੀ ਖਾਣ ਲਈ ਬੈਠੀਆਂ ਤਾਂ ਗੱਲਾਂ ਹੀ ਉਹਨਾਂ ਨੇ ਅਜਿਹੀਆਂ ਕੀਤੀਆਂ ਕਿ ਮੇਰੀ ਰੋਟੀ ਹਰਾਮ ਹੋ ਗਈ।

ਇਕ ਕਹਿਣ ਲੱਗੀ ਕਿ ਮੇਰਾ ਦਿਉਰ ਵੱਢਿਆ ਗਿਆ ਹੈ। ਦੂਜੀ ਬੋਲੀ—ਮੇਰਾ ਪੁੱਤ ਵੱਢਿਆ ਗਿਆ ਹੈ। ਤੀਜੀ ਬੋਲੀ—ਮੇਰਾ ਜੇਠ ਵੱਢਿਆ ਗਿਆ ਹੈ। ਚੌਥੀ ਬੋਲੀ—ਮੇਰਾ ਮਾਲਕ ਵੱਢਿਆ ਗਿਆ ਹੈ। ਇਹ ਸਭ ਸੁਣ ਕੇ ਮੈਂ ਹੈਰਾਨ ਹੋ ਗਿਆ ਕਿ ਹੇ ਮਨਾ ! ਵੱਢਿਆ ਜਾਏ ਪੁੱਤ ਤੇ ਤੂੰ ਇਸ ਤਰ੍ਹਾਂ ਤਿਆਰ ਹੋਈ ਹੋਵੇਂ ਤਾਂ ਕੋਈ ਮੰਨ ਸਕਦਾ ਹੈ ਕਿ ਤੇਰਾ ਪੁੱਤ ਵੱਢਿਆ ਗਿਆ ਹੈ। ਅਸੀਂ ਅੰਦਰੋਂ ਕੁਝ ਹੋਰ ਹਾਂ, ਪਰੰਤੂ ਬਾਹਰੋਂ ਕੁਝ ਹੋਰ ਜ਼ਾਹਿਰ ਕਰਨਾ

ਚਾਹੁੰਦੇ ਹਾਂ।

ਜਦੋਂ ਮੈਂ ਚੱਕਰ ਕੱਢਿਆ ਤਾਂ ਕੋਈ ਕਹੇ ਕਿ ਮਹਾਤਮਾ ਗਾਂਧੀ ਦਾ ਬੇੜਾ ਗ਼ਰਕ ਹੋ ਗਿਆ। ਉਸ ਨੇ ਸਾਨੂੰ ਉਜਾੜ ਦਿੱਤਾ। ਘਰ ਸਾਡੇ ਉਜੜ ਗਏ। ਬੱਚੇ ਸਾਡੇ ਪਾਕਿਸਤਾਨ ਵਿਚ ਵੱਢੇ ਗਏ। ਕੋਈ ਕਹੇ ਕਿ ਨਹੀਂ, ਇਹ ਬੇੜਾ ਗ਼ਰਕ ਪੰਡਿਤ ਜਵਾਹਰ ਲਾਲ ਨਹਿਰੂ ਨੇ ਕੀਤਾ ਹੈ। ਕਿਸੇ ਨੇ ਕਿਹਾ ਕਿ ਨਹੀਂ, ਇਹ ਮਾਸਟਰ ਤਾਰਾ ਸਿੰਘ ਹੀ ਹੈ, ਜਿਸ ਨੇ ਵਕਤ ਨਾ ਪਛਾਣਿਆ ਤੇ ਲਾਹੌਰ ਵਿਚ ਤਲਵਾਰ ਕੱਢ ਕੇ ਮੁਸਲਮਾਨਾਂ ਨਾਲ ਲੜ ਪਿਆ।

ਮੈਂ ਸੋਚਣ ਲੱਗ ਪਿਆ ਕਿ ਗੁਰੂ ਅਰਜਨ ਸਾਹਿਬ ਜੀ ! ਕੀ ਸੁੱਖ ਦੁੱਖ ਦਾ ਦਾਤਾ ਜਵਾਹਰ ਲਾਲ ਹੈ ? ਜਾਂ ਕੀ ਸੁੱਖ ਦੁੱਖ ਦਾ ਦਾਤਾ ਗਾਂਧੀ ਹੈ ? ਜਾਂ ਕੀ ਸੁੱਖ ਦੁੱਖ ਦਾ ਦਾਤਾ ਮਾਸਟਰ ਤਾਰਾ ਸਿੰਘ ਹੈ ? ਗੁਰੂ ਅਰਜਨ ਦੇਵ ਜੀ ਦਾ ਹੁਕਮ ਹੈ :-

ਦੂਖ ਸੂਖ ਪ੍ਰਭ ਦੇਵਨਹਾਰੁ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ॥
ਜੋ ਕਛੁ ਕਰੈ ਸੋਈ ਸੁਖੁ ਮਾਨੁ॥
ਭੂਲਾ ਕਾਹੇ ਫਿਰਹਿ ਅਜਾਨ॥

(ਸੁਖਮਨੀ ਸਾਹਿਬ)

ਸੰਸਾਰ ਨੂੰ ਬਣਾਉਣ ਵਾਲਾ ਸਮਰੱਥ ਵਾਹਿਗੁਰੂ ਹੈ। ਦੁੱਖ ਸੁੱਖ ਦਾ ਸੰਜੋਗ ਉਸ ਨੇ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ। ਕੋਈ ਕਿਸੇ ਨੂੰ ਦੁੱਖ ਨਹੀਂ ਦੇ ਸਕਦਾ। ਸਭ ਤੇਰੇ ਕਰਮ ਹਨ। ਉਹਨਾਂ ਕਰਮਾਂ ਅਨੁਸਾਰ ਵਾਹਿਗੁਰੂ ਤੇਰਾ ਫ਼ੈਸਲਾ ਕਰਦਾ ਰਹਿੰਦਾ ਹੈ। ਕਿਸੇ ਨੂੰ ਦੋਸ਼ ਨਾ ਦੇ। ਸਾਧ ਸੰਗਤ ਵਿਚ ਆ ਕੇ, ਨਾਮ ਦਾ ਇਕ ਤਿਨਕਾ ਪ੍ਰਾਪਤ ਕਰ ਕੇ ਜਿਸ ਦਾ ਮਨ ਅੰਦਰੋਂ ਠੰਢਾ ਹੋ ਗਿਆ, ਉਹ ਸਮਝਦਾ ਹੈ ਕਿ ਸਾਰੀ ਹਰਕਤ ਇਸੇ ਠੰਢ ਵਿਚ ਹੀ ਵਿਚਰ ਰਹੀ ਹੈ। ਸਾਰੇ ਨਾਮ ਅਭੀਆਸੀਏ ਹਨ। ਜਿਸ ਦੇ ਮਨ ਨੂੰ ਹਉਮੈ ਦਾ ਰੋਗ ਹੈ, ਅਹੰਕਾਰ ਦਾ ਰੋਗ ਹੈ, ਉਹ ਜੰਮਦਾ ਹੈ, ਮਰਦਾ ਹੈ, ਰੋਂਦਾ ਹੈ। ਰੱਬ ਦੇ ਰਾਹ ਦਾ ਉਸ ਨੂੰ ਪਤਾ ਹੀ ਨਹੀਂ। ਜਿਸ ਦੇ ਨੇਤਰਾਂ ਵਿਚ ਗਿਆਨ ਦਾ ਸੁਰਮਾ ਪੈ ਗਿਆ, ਉਸੇ ਨੂੰ ਹੀ ਚਾਨਣਾ ਹੋ ਗਿਆ। ਜਿਹੜਾ ਅਗਿਆਨੀ ਹੈ, ਉਹ ਜੰਮਦਾ ਹੈ, ਮਰਦਾ ਹੈ। ਜਿਸ ਦੇ ਅੰਦਰ ਨਾਮ ਦਾ ਇਕ ਤਿਨਕਾ ਵੀ ਵਸ

ਗਿਆ, ਉਸ ਦੇ ਅੰਦਰ ਅੰਮ੍ਰਿਤ ਹੈ। ਉਸ ਦੇ ਬਚਨਾਂ ਵਿਚ ਅੰਮ੍ਰਿਤ ਹੈ।

ਕਦੀ ਨਾਮ ਨਾਲੋਂ ਆਪਣੀ ਬਿਰਤੀ ਨਾ ਟੁੱਟਣ ਦੇਣ ਵਾਲਾ, ਸਿਖਰ ਦੁਪਹਿਰੇ ਆਪਣੇ ਖੇਤਾਂ ਵਿਚ ਕੰਮ ਪਿਆ ਕਰਦਾ ਹੈ। ਮੁਗ਼ਲਾਂ ਦੇ ਸਿਪਾਹੀ ਆ ਗਏ। ਉਹਨਾਂ ਨੇ ਉਸ ਨੌਜਵਾਨ ਨੂੰ ਦੇਖ ਕੇ ਉਸ ਦੀਆਂ ਬਾਹਾਂ ਫੜੀਆਂ ਅਤੇ ਹੱਥਕੜੀ ਲਗਾ ਕੇ ਲਾਹੌਰ ਲੈ ਗਏ। ਮਾਂ ਨੂੰ ਪਤਾ ਲੱਗਾ। ਭੈਣ ਨੂੰ ਪਤਾ ਲੱਗਾ। ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਸਾਰੀ ਸੰਗਤ ਹੁੰਮ-ਹੁੰਮਾ ਕੇ ਆ ਗਈ। ਸਿਪਾਹੀਆਂ ਨਾਲ ਫ਼ੈਸਲਾ ਇਹ ਹੋਇਆ ਕਿ ਇਕ ਤੱਕੜੀ ਦੇ ਛਾਬੇ ਵਿਚ ਗੁਰੂ ਦਾ ਸਿੱਖ ਪਾ ਦਿਉ ਤੇ ਦੂਜੇ ਛਾਬੇ ਵਿਚ ਪਾ ਦਿੰਦੇ ਹਾਂ ਸੋਨਾ। ਜਿੰਨਾ ਸੋਨਾ ਇਸ ਗੁਰੂ ਦੇ ਸਿੱਖ ਨਾਲ ਤੁਲ ਜਾਏ, ਸਿਪਾਹੀਓ ! ਉੱਨਾ ਸੋਨਾ ਲੈ ਜਾਓ ਤੇ ਇਹ ਬੇਗੁਨਾਹ ਗੁਰੂ ਦਾ ਸਿੱਖ, ਇਸ ਨੂੰ ਛੱਡ ਦਿਉ।

ਜਿਸ ਵੇਲੇ ਭਾਈ ਸਾਹਿਬ ਨੂੰ ਪਤਾ ਲੱਗਾ ਕਿ ਸੰਗਤ ਪਿਆਰ ਵੱਸ ਹੋਈ ਮੈਨੂੰ ਸੋਨੇ ਦੇ ਬਦਲੇ ਤੋਲ ਕੇ ਰਿਹਾਅ ਕਰਵਾਉਣਾ ਚਾਹੁੰਦੀ ਹੈ ਤਾਂ ਉਹਨਾਂ ਦੇ ਹੱਥ ਜੁੜ ਗਏ। ਗੁਰੂ ਦੇ ਸਿੱਖੋ ! ਗੁਰੂ ਗੋਬਿੰਦ ਸਿੰਘ ਜੀ ਦੇ ਭਾਣੇ ਵਿਚ ਦਖ਼ਲ ਨਾ ਦਿਉ। ਜੋ ਗੁਰੂ ਦੀ ਆਗਿਆ ਹੈ, ਉਸ ਨੂੰ ਸਤਿ ਕਰਕੇ ਮੰਨ ਲਉ। ਮਾਇਆ ਦਾ ਜਾਲ ਵਿਛਾ ਕੇ, ਮੈਨੂੰ ਲੋਭ ਲਾਲਚ ਵਿਚ ਪਾ ਕੇ, ਨਿਰੰਕਾਰ ਨਾਲੋਂ ਤੋੜ ਕੇ ਅਤੇ ਸੰਸਾਰ ਨਾਲ ਜੋੜ ਕੇ ਮੇਰੇ ਨਾਲ ਖੇਡ ਨਾ ਖੇਡੋ। ਮਾਂ ਕਹਿਣ ਲੱਗੀ—ਪੁੱਤਰਾ! ਪਿਉ ਤੇਰਾ ਪ੍ਰਲੋਕ ਦਮਨ ਕਰ ਗਿਆ ਹੈ। ਮੇਰੇ ਮਾਲਕ ਦੀ ਨਿਸ਼ਾਨੀ ਇਕ ਤੂੰਹੀਓਂ ਤੂੰ ਹੈਂ। ਤੇਰੇ ਵਿਚੋਂ ਮੈਨੂੰ ਤੇਰੇ ਪਿਤਾ ਦੇ ਦਰਸ਼ਨ ਵੀ ਹੋ ਜਾਂਦੇ ਹਨ। ਭੈਣ ਕਹਿਣ ਲੱਗੀ—ਵੀਰਿਆ ! ਤੂੰ ਮੇਰਾ ਵੀਰ ਹੈਂ ਅਤੇ ਮੈਂ ਤੇਰੀ ਇਕੱਲੀ ਭੈਣ ਹਾਂ। ਤੂੰ ਅਜੇ ਮੇਰਾ ਵਿਆਹ ਕਰਨਾ ਹੈ। ਕੀ ਭਾਣਾ ਵਰਤਾਉਣ ਲੱਗਾ ਹੈਂ ?

ਪ੍ਰਭੂ ਦੇ ਰੰਗ ਵਿਚ ਰੰਗੇ ਹੋਏ ਸਿੱਖ ਨੇ ਮਾਂ ਤੇ ਭੈਣ ਨੂੰ ਜਵਾਬ ਦਿੱਤਾ ਕਿ ਮਾਇਆ ਦਾ ਰੂਪ ਬਣ ਕੇ, ਛੱਲ ਕੇ ਮੇਰੇ ਸਾਹਮਣੇ ਕੋਈ ਦੀਵਾਰ ਖੜੀ ਨਾ ਕਰੋ। ਮੈਂ ਗੁਰੂ ਦੇ ਭਾਣੇ ਵਿਚ ਕੁਰਬਾਨੀ ਦੇਣ ਚੱਲਿਆ ਹਾਂ। ਗੁਰੂ ਦਾ ਸਿੱਖ ਉਹ ਹੈ ਜਿਸ ਨੂੰ ਗੁਰੂ ਦਾ ਭਾਣਾ ਮਿੱਠਾ ਲੱਗੇ। ਜਿਹੜਾ ਗੁਰੂ ਦੇ ਭਾਣੇ ਵਿਚ ਮਸਤ ਹੋ ਜਾਏ।

ਸੋ ਦੂਖ ਕੈਸਾ ਪਾਵੈ॥

ਸਾਧ ਸੰਗਤ ! ਗੁਰੂ ਦੇ ਚਰਨਾਂ ਨਾਲ ਜੁੜੋ। ਉਹਨਾਂ ਦਾ ਬਖ਼ਸ਼ਿਆ ਹੋਇਆ ਅੰਮ੍ਰਿਤ ਗ੍ਰਹਿਣ ਕਰੋ।

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲ ਪੀਵੋ ਭਾਈ॥

ਮੈਂ ਅੱਜ ਸਿੱਖ ਪੰਥ ਦੀਆਂ ਕੁੜੀਆਂ ਨੂੰ ਦੇਖਦਾ ਹਾਂ ਤਾਂ ਉਹਨਾਂ ਦੇ ਸਿਰ ਦੇ ਉੱਤੇ ਕੋਈ ਦੁਪੱਟਾ ਨਹੀਂ। ਸਿਰ ਦੇ ਕੇਸ ਉਹਨਾਂ ਦੇ ਖਿਲਰੇ ਹੋਏ ਹਨ। ਕੇਸਾਂ ਨੂੰ ਆਪਣੇ ਮਨ ਦੀ ਚੰਚਲਤਾ ਨੂੰ ਚਮਕਾਉਣ ਦਾ ਸਾਧਨ ਬਣਾ ਲਿਆ ਗਿਆ ਹੈ। ਕੇਸਾਂ ਨੂੰ ਗੁਰੂ ਦੀ ਦਾਤ ਨਹੀਂ ਸਮਝਿਆ।

ਸਾਧ ਸੰਗਤ ! ਜਿਨ੍ਹਾਂ ਨੂੰ ਤੁਸੀਂ ਚਾਲੀ ਮੁਕਤੇ ਕਹਿੰਦੇ ਹੋ, ਉਹਨਾਂ ਨੇ ਕੇਸ ਤਾਂ ਨਹੀਂ ਸੀ ਮੁਨਾਏ। ਦਾੜ੍ਹੀਆਂ ਨਹੀਂ ਸੀ ਮੁਨਾਈਆਂ। ਕਿਰਪਾਨਾਂ ਲਾਹ ਕੇ ਖੂਹ ਵਿਚ ਨਹੀਂ ਸਨ ਸੁੱਟੀਆਂ। ਕੜੇ ਲਾਹ ਕੇ ਖੂਹ ਵਿਚ ਨਹੀਂ ਸਨ ਸੁੱਟੇ। ਬਾਣੀ ਪੜ੍ਹਨੋਂ ਨਹੀਂ ਸੀ ਹਟੇ, ਫਿਰ ਵੀ ਉਹ ਪਤਿਤ ਹੋ ਗਏ। ਕਿਉਂ ਪਤਿਤ ਹੋ ਗਏ ? ਕਿਉਂਕਿ ਉਹਨਾਂ ਦਾ ਸਿਦਕ ਡੋਲ ਗਿਆ ਅਤੇ ਕਹਿ ਦਿੱਤਾ ਕਿ ਤੂੰ ਅੱਜ ਤੋਂ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਜਦੋਂ ਸਿੱਖ ਦਾ ਸਿਦਕ ਡੋਲ ਜਾਏ ਤਾਂ ਉਦੋਂ ਹੀ ਇਹ ਪਤਿਤ ਹੋ ਜਾਂਦਾ ਹੈ। ਉਦੋਂ ਹੀ ਇਹ ਕਮੀਨਾ ਹੈ। ਸਿਦਕ ਧਰਮ ਦਲੀਲ ਦਾ ਧਰਮ ਹੈ। ਸਿਦਕ ਕਦੀ ਨਹੀਂ ਬਦਲਦਾ। ਸਿੱਖਾ ! ਸਿਦਕ ਵਿਚ ਆ ਅਤੇ ਸਿੱਖੀ ਨਿਭਾਅ। ਭਾਈ ਤਾਰੂ ਸਿੰਘ ਦੀ ਖੋਪਰੀ ਕੇਸਾਂ ਸਮੇਤ ਉਤਾਰ ਦਿੱਤੀ ਗਈ। ਗੁਰੂ ਦੇ ਸਿੱਖੋ ! ਸੰਗਤ ਵਿਚ ਬੈਠ ਕੇ ਅਤੇ ਹਰੀ ਪ੍ਰਮਾਤਮਾ ਦਾ ਕੀਰਤਨ ਕਰਕੇ ਆਪਣੇ ਮਨ ਨੂੰ ਗੁਰਦੇਵ ਦੇ ਚਰਨਾਂ ਨਾਲ ਜੋੜੋ। ਇਹ ਸੁਆਸ ਬਾਰ ਬਾਰ ਨਹੀਂ ਮਿਲਦੇ।

ਮੇਰੇ ਉਸਤਾਦ ਜੀ ਕਿਹਾ ਕਰਦੇ ਸਨ ਕਿ ਬੇਟਾ ! ਇਕ ਸਮਾਂ ਹੈ। ਇਕ ਹੈ ਅਸਫਲ ਸਮਾਂ ਤੇ ਇਕ ਹੈ ਸਫਲ ਸਮਾਂ। ਨਾ ਪਾਪ ਕੀਤਾ, ਨਾ ਪੁੰਨ ਕੀਤਾ, ਸਮਾਂ ਆਪਣੀ ਚਾਲ ਤੁਰਦਾ ਗਿਆ। ਇਹ ਹੈ ਸਾਧਾਰਨ ਸਮਾਂ। ਇਹ ਹੈ ਅਸਫਲ ਸਮਾਂ। ਸਾਰਾ ਦਿਨ ਤਾਸ਼ ਖੇਡਦਾ ਰਿਹਾ। ਸਿਨੇਮਾ ਦੇਖਣ ਚਲੇ ਗਏ। ਇਹ ਹੈ ਅਸਫਲ ਸਮਾਂ। ਜਿਹੜਾ ਸਮਾਂ ਸੰਗਤ ਵਿਚ ਬੈਠ ਕੇ ਗੁਜ਼ਾਰ ਲਿਆ, ਇਹ ਹੈ ਸਫਲਾ ਸਮਾਂ। ਇਹ ਹੈ ਪਵਿੱਤਰ ਸਮਾਂ। ਇਹ ਹੈ ਅਮੋਲਕ ਸਮਾਂ।

ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ॥
ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ॥

(ਅੰਗ ੯੫੮)

ਸਾਧ ਸੰਗਤ ਜੀਉ ! ਮੇਰੇ ਕੋਲੋਂ ਅਨੰਤ ਭੁੱਲਾਂ ਹੋਈਆਂ ਹੋਣਗੀਆਂ, ਉਹ ਮੇਰੀਆਂ ਜਾਣ ਕੇ ਮੈਨੂੰ ਮਾਫ਼ ਕਰ ਦੇਣੀਆਂ। ਬਚਨ ਸਤਿਗੁਰੂ ਦਾ ਜਾਣ ਕੇ ਅੰਦਰ ਵਸਾ ਲੈਣਾ ਤਾਂਕਿ ਅਸੀਂ ਅੰਤਲੇ ਸਮੇਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਮੁਖ ਉਜਲਾ ਲੈ ਕੇ ਜਾ ਸਕੀਏ। ਸਤਿਗੁਰੂ ਰਹਿਮਤ ਕਰਨ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਕਮਾਲੇ ਕਰਾਮਾਤ

(ਭੂਮੀਆ ਚੋਰ ਅਤੇ ਭਾਈ ਸੀਹਾ)

ਗੁਰੂ ਦੀ ਸਾਜੀ ਨਿਵਾਜੀ ਗੁਰੂ ਰੂਪ ਸਾਧ ਸੰਗਤ ਜੀ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਹਰਿ ਰਸੁ ਪੀਵਹੁ ਪੁਰਖ ਗਿਆਨੀ॥

(ਅੰਗ ੬੧੧)

ਸਾਧ ਸੰਗਤ ਜੀ ! ਜਿਹੜਾ ਬਚਨ ਜਿਸ ਦੀ ਵੀ ਰਸਨਾ ਉੱਤੇ ਚੜ੍ਹ ਜਾਏ, ਉਹ ਫਿਰ ਉਸ ਬਚਨ ਵਿਚ ਹੀ ਰਮਿਆ ਜਾਂਦਾ ਹੈ। ਮੈਨੂੰ ਜਦੋਂ ਮਹਾਂਪੁਰਸ਼ਾਂ ਦੀ ਸੰਗਤ ਵਿਚ ਚਾਰ ਅੱਖਰ ਸਿੱਖਣ ਦਾ ਮੌਕਾ ਪ੍ਰਾਪਤ ਹੋਇਆ ਤਾਂ ਉਹਨਾਂ ਨੇ ਇਕ ਦਿਨ ਮੌਜ ਵਿਚ ਇਹ ਗੱਲ ਮੈਨੂੰ ਕਹਿ ਦਿੱਤੀ ਕਿ ਕੀ ਤੂੰ ਹਰਿ ਦੇ ਅਰਥ ਜਾਣਦਾ ਹੈਂ ? ਮੈਂ ਕਿਹਾ—ਮਹਾਂਪੁਰਸ਼ੋਂ ! ਮੈਂ ਸਿੱਖਣ ਲਈ ਹੀ ਤੁਹਾਡੇ ਚਰਨਾਂ ਵਿਚ ਆਇਆ ਹਾਂ। ਮਹਾਂਪੁਰਸ਼ ਕਹਿਣ ਲੱਗੇ :-

ਹਰਿ ਬੋਲਿਉ ਹਰਿ ਨੇ ਸੁਣਿਉ ਹਰਿ ਗਇਉ ਹਰਿ ਕੇ ਪਾਸ॥
ਹਰਿ ਤੋ ਹਰਿ ਮੇਂ ਮਿਲ ਗਇਉ ਹਰਿ ਰਸ ਚਲਿਉ ਨਿਰਾਸ॥

ਕਿਸੇ ਥਾਂ ਹਰਿ ਬੈਠਾ ਹੋਇਆ ਉਹ ਬੋਲਿਆ। ਦੂਜੇ ਥਾਂ ਹਰਿ ਬੈਠਾ ਹੋਇਆ, ਉਸ ਨੇ ਹਰਿ ਦਾ ਬੋਲਿਆ ਸੁਣਿਆ। ਸੁਣਨ ਵਾਲਾ ਹਰਿ ਦੌੜ ਕੇ ਬੋਲਣ ਵਾਲੇ ਹਰਿ ਦੇ ਕੋਲ ਗਿਆ। ਬੋਲਣ ਵਾਲੇ ਹਰਿ ਨੇ ਲਿਖਿਆ ਹੈ ਕਿ ਹਰਿ ਮੇਰੇ ਵੱਲ ਦੌੜਿਆ ਆ ਰਿਹਾ ਸੀ। ਉਹ ਹਰਿ ਦੇ ਵਿਚ ਹੀ ਲੁੱਕ ਗਿਆ। ਜਿਹੜਾ ਹਰਿ ਦੌੜ ਕੇ ਆਇਆ ਸੀ, ਉਹ ਨਿਰਾਸ਼ ਹੋ ਕੇ ਮੁੜ ਗਿਆ। ਬੁਝਾਰਤ ਬਣ ਗਈ ਨਾ।

ਇਕ ਹਰਿ ਦਾ ਮਤਲਬ ਹੈ ਡੱਡੂ। ਡੱਡੂ ਕਿਤੇ ਬੋਲਿਆ। ਡੱਡੂ ਜਦੋਂ ਬੋਲਿਆ ਤਾਂ ਹਰਿ ਨੇ ਸੁਣਿਆ। ਦੂਜੇ ਹਰਿ ਦਾ ਮਤਲਬ ਹੈ ਸੱਪ। ਡੱਡੂ

ਬੋਲਿਆ ਤੇ ਸੱਪ ਨੇ ਸੁਣਿਆ। ਸੱਪ ਦੌੜ ਕੇ ਡੱਡੂ ਦੇ ਕੋਲ ਗਿਆ ਅਤੇ ਉਸ ਨੇ ਚਾਹਿਆ ਕਿ ਡੱਡੂ ਮੇਰੀ ਖ਼ੁਰਾਕ ਹੈ ਇਸ ਲਈ ਮੈਂ ਇਸ ਨੂੰ ਖਾ ਲਵਾਂ। ਜਿਸ ਵੇਲੇ ਡੱਡੂ ਨੇ ਦੇਖਿਆ ਕਿ ਮੇਰੇ ਵੱਲ ਸੱਪ ਦੌੜਿਆ ਆ ਰਿਹਾ ਹੈ ਤਾਂ :-

ਹਰਿ ਤੌ ਹਰਿ ਮੇਂ ਮਿਲ ਗਇਉ

ਡੱਡੂ ਨੇ ਮਾਰੀ ਛਾਲ ਅਤੇ ਉਹ ਪਾਣੀ ਵਿਚ ਲੁੱਕ ਗਿਆ। ਸੱਪ ਗਿਆ ਸੀ ਡੱਡੂ ਨੂੰ ਖਾਣ, ਪਰੰਤੂ ਉਹ ਨਿਰਾਸ਼ ਹੋ ਕੇ ਵਾਪਸ ਮੁੜ ਗਿਆ। ਸੱਪ ਨੂੰ ਉਸ ਦੀ ਖ਼ੁਰਾਕ ਹੱਥ ਨਾ ਆਈ। ਤਿੰਨ ਅਰਥ ਹੋ ਗਏ ਹਨ ਹਰਿ ਦੇ। ਇਕ ਹਰਿ ਦਾ ਮਤਲਬ ਹੈ ਡੱਡੂ। ਦੂਜੇ ਹਰਿ ਦਾ ਮਤਲਬ ਹੈ ਸੱਪ ਅਤੇ ਤੀਜੇ ਹਰਿ ਦਾ ਮਤਲਬ ਹੈ ਪਾਣੀ।

ਗੁਰੂ ਗ੍ਰੰਥ ਸਾਹਿਬ ਵਿਚ ਹਰਿ ਦੇ ੯੪ ਅਰਥ ਹਨ। ਜਿਸ ਵੇਲੇ ਅਰਥ ਦੀ ਦੁਨੀਆਂ ਵਿਚ ਪੈ ਜਾਈਏ ਤਾਂ ਉਦੋਂ ਕੰਨਾਂ ਨੂੰ ਹੱਥ ਲਾਉਣੇ ਪੈਂਦੇ ਹਨ। ੯੪ ਅਰਥਾਂ ਵਿਚੋਂ ਹਰਿ ਦਾ ਇਕ ਅਰਥ ਹੈ—ਸਤਿਨਾਮੁ ਵਾਹਿਗੁਰੂ। ਗੁਰੂ ਗ੍ਰੰਥ ਸਾਹਿਬ ਜੀ ਨੇ ਹਰਿ ਦੇ ਸਬੰਧ ਵਿਚ ਕਲਿਯੁਗੀ ਜੀਵਾਂ ਦੀ ਕਲਿਆਣ ਵਾਸਤੇ ਇਕ ਹੋਕਾ ਦਿੱਤਾ ਹੈ :-

ਹਰਸ ਮਨ ਨਹੀ ਰਾਜਾ।

ਰਾਜੇ ਬੜੇ ਹਨ, ਰਾਜੇ ਵੀ ਅਜਿਹੇ ਜਿਨ੍ਹਾਂ ਦੀਆਂ ਗੱਲਾਂ ਸੁਣ ਸੁਣ ਕੇ ਹਾਸਾ ਆਉਂਦਾ ਹੈ। ਇਕ ਰਾਜਾ ਹੋਇਆ ਹੈ ਫ਼ਰਾਊਨ। ਉਸ ਦੇ ਦਿਲ ਵਿਚ ਇਹ ਖ਼ਿਆਲ ਆ ਗਿਆ ਕਿ ਮੈਂ ਰੱਬ ਨਾਲ ਲੜਨਾ ਹੈ। ਉਹ ਸੋਚੀਂ ਪੈ ਗਿਆ ਕਿ ਲੜੀਏ ਕਿਸ ਤਰ੍ਹਾਂ ? ਜੇ ਰੱਬ ਦੇ ਨਾਲ ਹਾਥੀ ਉੱਪਰ ਚੜ੍ਹ ਕੇ ਲੜੀਏ ਤਾਂ ਫਿਰ ਵੀ ਰੱਬ ਦੀ ਹਸਤੀ ਵੱਡੀ ਮਾਲੂਮ ਹੁੰਦੀ ਹੈ। ਜੇ ਊਠ 'ਤੇ ਚੜ੍ਹ ਕੇ ਰੱਬ ਨਾਲ ਲੜਾਂ ਫਿਰ ਵੀ ਉਸ ਦੀ ਪੁਜ਼ੀਸ਼ਨ ਬਣ ਜਾਂਦੀ ਹੈ।

ਸੋਚਦਿਆਂ ਸੋਚਦਿਆਂ ਫ਼ਰਾਊਨ ਨੇ ਇਹ ਫ਼ੈਸਲਾ ਕੀਤਾ ਕਿ ਮੈਂ ਖੋਤੇ ਉੱਤੇ ਚੜ੍ਹ ਕੇ ਰੱਬ ਨਾਲ ਲੜਾਂਗਾ। ਰਾਜਾ ਖੋਤੇ ਉੱਤੇ ਚੜ੍ਹ ਕੇ ਆਸਮਾਨ ਵੱਲ ਤੀਰ ਮਾਰਦਾ ਰਿਹਾ ਅਤੇ ਅੱਠ ਦਿਨ ਲਗਾਤਾਰ ਤੀਰ ਮਾਰਦਾ ਰਿਹਾ। ਅੱਠਾਂ ਦਿਨਾਂ ਦੇ ਬਾਅਦ ਉਹ ਸੋਚੀਂ ਪੈ ਗਿਆ ਕਿ ਜਿਸ ਨੂੰ ਇੰਨੇ ਤੀਰ ਵੱਜੇ ਹੋਣ, ਕੀ ਉਹ ਕਿਤੇ ਹੁਣ ਜੀਊਂਦਾ ਹੋਵੇਗਾ। ਉਹ ਤਾਂ ਮਰ ਗਿਆ ਹੋਣਾ ਹੈ।

ਰੱਬ ਕਿੰਨਾ ਕੁ ਦਇਆਲੂ ਹੈ। ਆਪਣੇ ਦੁਸ਼ਮਣ ਨੂੰ ਖ਼ੁਸ਼ ਕਰਨ ਲਈ ਉਸ ਨੇ ਸੋਚਿਆ ਕਿ ਜੇਕਰ ਫ਼ਰਾਊਨ ਨੂੰ ਯਕੀਨ ਨਾ ਹੋਇਆ ਕਿ ਰੱਬ ਮਰ ਗਿਆ ਹੈ ਤਾਂ ਉਹ ਐਵੇਂ ਹੌਕੇ ਭਰੇਗਾ। ਅੱਠਵੇਂ ਦਿਨ ਆਸਮਾਨ ਤੋਂ ਤੀਰ ਡਿੱਗਣੇ ਸ਼ੁਰੂ ਹੋ ਗਏ ਅਤੇ ਉਹ ਵੀ ਲਹੂ ਨਾਲ ਲੱਥ ਪੱਥ ਹੋਏ ਤੀਰ। ਅੱਠ ਦਿਨ ਤੀਰ ਡਿੱਗਦੇ ਰਹੇ ਤੇ ਫ਼ਰਾਊਨ ਨੂੰ ਸੋਲਾਂ ਆਨੇ ਯਕੀਨ ਹੋ ਗਿਆ ਕਿ ਅੱਲਾਹ ਮਰ ਗਿਆ ਹੈ। ਫ਼ਰਾਊਨ ਦਾ ਬੁਰਿਆਂ ਆਦਮੀਆਂ ਵਿਚ ਨਾਮ ਹੈ। ਮੇਰੇ ਬਾਪੂ ਨੇ ਇਕ ਹੋਕਾ ਦਿੱਤਾ ਹੈ :-

ਹਰਿ ਬਿਸਰਤ ਸਦਾ ਖੁਆਰੀ॥

(ਅੰਗ ੭੧੧)

ਮੈਂ ਜਦੋਂ ਯੋਗ ਵਸ਼ਿਸ਼ਟ ਪੜ੍ਹਿਆ ਤਾਂ ਉਸ ਦੇ ਵਿਚ ਇਕ ਬਚਨ ਆਇਆ ਕਿ ਸ੍ਰੀ ਰਾਮ ਨੇ ਭਗਵਾਨ ਵਸ਼ਿਸ਼ਟ ਨੂੰ ਇਹ ਗੱਲ ਕਹੀ ਕਿ ਮੇਰਾ ਪੜ੍ਹਨ ਨੂੰ ਜੀਅ ਨਹੀਂ ਕਰਦਾ, ਕਿਉਂਕਿ ਜਗਤ ਝੂਠਾ ਹੈ। ਝੂਠੇ ਜਗਤ ਵਿਚ ਰਹਿ ਕੇ ਝੂਠੀ ਵਿੱਦਿਆ ਦਾ ਕੀ ਪੜ੍ਹਨਾ ਹੈ? ਸ੍ਰੀ ਰਾਮ ਗੱਲਾਂ ਕਰ ਰਿਹਾ ਸੀ ਕਿ ਇੰਨੇ ਚਿਰ ਨੂੰ ਇਕ ਸੱਪ ਆ ਗਿਆ। ਸ੍ਰੀ ਰਾਮ ਜੀ ਦੌੜ ਪਏ ਅਤੇ ਸੱਪ ਆਪਣੇ ਰਸਤੇ ਚਲਾ ਗਿਆ। ਸ੍ਰੀ ਰਾਮ ਜੀ ਆ ਕੇ ਫਿਰ ਬੈਠ ਗਏ। ਵਸ਼ਿਸ਼ਟ ਕਹਿਣ ਲੱਗੇ—ਰਾਮ ! ਤੂੰ ਤਾਂ ਕਹਿੰਦਾ ਸੀ ਕਿ ਜਗਤ ਮਿੱਥਿਆ ਹੈ ਪਰੰਤੂ ਹੁਣੇ ਜਿਹੜਾ ਸੱਪ ਆਇਆ ਸੀ, ਇਹ ਵੀ ਤਾਂ ਜਗਤ ਵਿਚੋਂ ਹੀ ਸੀ। ਤੂੰ ਮਿੱਥਿਆ ਸੱਪ ਨੂੰ ਦੇਖ ਕੇ ਦੌੜਿਆ ਕਿਉਂ ਸੀ ? ਸ੍ਰੀ ਰਾਮ ਜੀ ਹੱਸ ਪਏ ਅਤੇ ਕਹਿਣ ਲੱਗੇ—ਭਗਵਾਨ ਵਸ਼ਿਸ਼ਟ ! ਮੇਰਾ ਦੌੜਨਾ ਵੀ ਜਗਤ ਦੇ ਵਿਚ ਹੀ ਹੈ। ਇਹ ਵੀ ਮਿੱਥਿਆ ਹੈ, ਇਹ ਕਿਹੜਾ ਸੱਚ ਹੈ। ਮੈਂ ਕਿਹੜਾ ਕਿਤੇ ਦੌੜ ਗਿਆ ਹਾਂ, ਮੁੜ ਕੇ ਤੇਰੇ ਕੋਲ ਹੀ ਆ ਗਿਆ ਹਾਂ।

ਜਿਤਨੇ ਵੀ ਦੁਨੀਆਂ ਦੇ ਰਾਜੇ ਹਨ, ਇਹ ਸਭ ਝੂਠੇ ਹਨ। ਮੇਰੇ ਸੱਚੇ ਪਾਤਿਸ਼ਾਹ ਗੁਰੂ ਗ੍ਰੰਥ ਸਾਹਿਬ ਹੁਕਮ ਕਰਦੇ ਹਨ :-

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥

ਤਾਜੀ ਰਥ ਤੁਖਾਰ ਹਾਥੀ ਪਾਖਰੇ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥
ਨਾਨਕ ਸਚ ਦਾਤਾਰੁ ਸਿਨਾਖਤ ਕੁਦਰਤੀ॥

(ਅੰਗ ੧੪੧)

ਜਿਸ ਵਾਹਿਗੁਰੂ ਦੀ ਜਾਣ-ਪਛਾਣ ਕੁਦਰਤ ਨਾਲ ਹੋ ਰਹੀ ਹੈ, ਉਹ ਸੱਚਾ ਹੈ। ਹਜ਼ੂਰ ਨੇ ਆਸਾ ਦੀ ਵਾਰ ਵਿਚ ਇਕ ਬਚਨ ਕਿਹਾ ਹੈ। ਗੁਰੂ ਦੇ ਸਿੱਖਾ ! ਉਸ ਬਚਨ ਨੂੰ ਆਪਣੇ ਅੰਦਰ ਵਸਾ, ਕਿਤੇ ਤੈਨੂੰ ਸਮਝ ਪੈ ਜਾਏ।

ਸੁਣਿ ਵੇਖਹੁ ਲੋਕਾ ਏਹੁ ਵਿਡਾਣਾ॥

(ਆਸਾ ਦੀ ਵਾਰ)

ਮੈਂ ਨਿਰੰਕਾਰ ਦੀ ਅਸਚਰਜਤਾ ਨੂੰ ਦੇਖਿਆ। ਇੰਨਾ ਅਸਚਰਜ ਹੋਇਆ :-

ਹਰਿ ਸਿਖਿਆ ਢਾਡੀ ਸਦਿ ਕੇ ਕਿਤ ਅਰਥ ਉਹ ਆਇਆ।

ਵਾਹਿਗੁਰੂ ਦੇ ਦਰਸ਼ਨ ਕਰਦਿਆਂ ਹੀ ਮੇਰੀ ਸੁੱਧ-ਬੁੱਧ ਵਿਸਰ ਗਈ। ਮੈਨੂੰ ਪਤਾ ਨਾ ਲੱਗੇ ਕਿ ਮੈਂ ਨਿਰੰਕਾਰ ਕੋਲੋਂ ਕੀ ਮੰਗਾਂ। ਇਹ ਵਿਚਾਰ ਇਕ ਮੁਨਸ਼ੀ ਦੇ ਦਿਮਾਗ਼ ਵਿਚ ਗੂੰਜ ਰਹੀ ਸੀ। ਮੁਨਸ਼ੀ ਉਥੇ ਚਲਾ ਗਿਆ ਜਿਥੇ ਕਿਤਾਬ ਛੱਡੀ ਹੋਈ ਸੀ। ਉਸ ਤੋਂ ਅੱਗੇ ਉਸ ਨੇ ਲਿਖਣੀ ਸੀ। ਉਸ ਤੋਂ ਅੱਗੇ ਜਿਸ ਸਮੇਂ ਲਿਖਣੀ ਸ਼ੁਰੂ ਕੀਤੀ ਤਾਂ ਸਭ ਤੋਂ ਪਹਿਲੇ ਅੱਖਰ ਇਹ ਲਿਖੇ—ਹੇ ਹਰਿਗੋਬਿੰਦ ਸਾਹਿਬ ! ਜਿੰਨਾ ਚਿਰ ਦੁਨੀਆਂ ਦੇ ਤਖ਼ਤੇ ਉੱਪਰ ਤੇਰੀ ਆਸਾ ਦੀ ਵਾਰ ਦਾ ਚਸ਼ਮਾ ਜਾਰੀ ਰਹੇਗਾ, ਉੱਨੀ ਦੇਰ ਤੱਕ ਦੁਨੀਆਂ ਦਾ ਬੰਦਾ ਬੁਰੇ ਰਸਤੇ ਵੱਲ ਨੂੰ ਨਹੀਂ ਜਾਏਗਾ। ਤੇਰੀ ਆਸਾ ਦੀ ਵਾਰ ਸਭ ਦਾ ਭਲਾ ਕਰ ਦੇਵੇਗੀ। ਤੇਰੀ ਆਸਾ ਦੀ ਵਾਰ ਦਾ ਰਸ ਸਾਰਿਆਂ ਦੇ ਅੰਦਰ ਪ੍ਰਵੇਸ਼ ਕਰਕੇ ਦੁੱਖਾਂ ਦਲਿੱਦਰਾਂ ਤੋਂ ਬਚਾਅ ਲਏਗਾ।

ਗੁਰੂ ਦੇ ਸਿੱਖਾ ! ਗੁਰੂ ਦੇ ਦਰਬਾਰ ਵਿਚ ਆ ਕੇ ਹਾਜ਼ਰੀ ਭਰ ਅਤੇ ਪ੍ਰਭੂ ਨਾਲ ਜੁੜ ਕੇ ਬਾਪੂ ਦੇ ਚਰਨ ਹਿਰਦੇ ਅੰਦਰ ਵਸਾਅ ਲੈ। ਕਰ ਆਪਣੀ ਰਸਨਾ ਪਵਿੱਤਰ। ਵਾਹਿਗੁਰੂ ਸਦਾ ਰਹਿਮਤ ਕਰਨ ਵਾਲਾ ਹੈ। ਜਿਹੜਾ ਉਸ ਦੀ ਰਜ਼ਾਅ ਵਿਚ ਰਾਜ਼ੀ ਰਹੇ, ਉਸ ਨੂੰ ਉਹ ਬਖ਼ਸ਼ ਦਿੰਦਾ ਹੈ। ਨਿਰੰਕਾਰ

ਸਾਰਿਆਂ ਦੇ ਵਿਚ ਇਕੋ ਜਿਹਾ ਵੱਸਦਾ ਹੈ। ਨਿਰੰਕਾਰ ਦੇ ਘਰ ਨਿਆਂ ਹੈ। ਉਹ ਸਾਰਿਆਂ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਦਾ ਹੈ। ਉਹ ਰਹਿਮ ਦਾ ਪੁਤਲਾ ਹੈ। ਵਾਹਿਗੁਰੂ ਦੇ ਨਾਮ ਦਾ ਅੰਮ੍ਰਿਤ ਰੱਸ ਪੀ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਂਦੇ ਹਨ—ਜਿਹੜਾ ਵੱਡਾ ਰਾਜਾ ਹੈ, ਸ਼੍ਰੋਮਣੀ ਰਾਜਾ ਹੈ, ਉਹ ਹੈ ਵਾਹਿਗੁਰੂ ਦੇ ਨਾਮ ਦਾ ਰੱਸ। ਜਿਨ੍ਹਾਂ ਲੋਕਾਂ ਨੇ ਉਸ ਰੱਸ ਨੂੰ ਪੀ ਲਿਆ, ਫਿਰ ਉਹਨਾਂ ਨੂੰ ਦੁਨੀਆਂ ਦਾ ਹੋਰ ਕੋਈ ਵੀ ਰਸ ਚੰਗਾ ਨਹੀਂ ਲੱਗਦਾ। 'ਰ' ਅੱਖਰ ਨਾਲ ਗੁਰੂ ਨੇ ਉਪਦੇਸ਼ ਕੀਤਾ ਹੈ। ਉਹ ਫਿਰ ਦੁਨੀਆਂ ਦੇ ਰਸਾਂ ਨੂੰ ਫਿੱਕਾ ਕਰਕੇ ਜਾਣਦੇ ਹਨ।

ਹਰਿ ਰਸੁ ਛੋਡਿ ਹੋਛੈ ਰਸਿ ਮਾਤਾ॥
ਘਰਿ ਮਹਿ ਵਸਤੁ ਬਾਹਰਿ ਉਠਿ ਜਾਤਾ॥
ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ॥
ਰਾਰਿ ਕਰਤ ਝੂਠੀ ਲਗਿ ਗਾਥਾ॥

(ਅੰਗ ੩੭੯)

ਹਰਿ ਰਸ ਛੱਡ ਦਿੱਤਾ। ਵਾਹਿਗੁਰੂ ਦੇ ਨਾਮ ਦਾ ਰਸ ਛੱਡ ਦਿੱਤਾ। ਝੂਠੇ ਰੱਸਾਂ ਕੱਸਾਂ ਵਿਚ ਪ੍ਰਵਿਰਤ ਹੋ ਗਿਆ। ਜਿਸ ਦਾ ਰੱਸ ਲੈਣਾ ਸੀ, ਉਹ ਉਸ ਦੇ ਅੰਦਰ ਹੀ ਵੱਸਦਾ ਸੀ। ਉਸ ਨੂੰ ਛੱਡ ਕੇ ਬਾਹਰ ਦੌੜਨ ਲੱਗ ਪਿਆ। ਬਾਹਰ ਸੀ ਨਿਰਾ ਰੌਲਾ-ਗੌਲਾ। ਮੇਰੇ ਗੁਰੂ ਗ੍ਰੰਥ ਸਾਹਿਬ ਜੀ ਹੁਕਮ ਫੁਰਮਾਉਂਦੇ ਹਨ :-

ਵਜਹੁ ਸਾਹਿਬ ਕਾ ਸੇਵ ਬਿਰਾਨੀ॥
ਐਸੇ ਗੁਨਹ ਅਛਾਦਿਓ ਪ੍ਰਾਨੀ॥

(ਅੰਗ ੩੭੯)

ਪਿਤਾ ਹੈ ਸਾਡਾ ਵਾਹਿਗੁਰੂ ਤੇ ਇਹ ਸੇਵਾ ਕਰਦਾ ਪਿਆ ਹੈ ਬੇਜਾਨ ਮੂਰਤੀ ਦੀ। ਟੱਲੀਆਂ ਖੜਕਾਉਂਦਾ ਹੈ ਬੇਜਾਨ ਮੂਰਤੀਆਂ ਦੀਆਂ। ਜੇਕਰ ਪੁਜਾਰੀ ਹੀ ਬਣਨਾ ਹੈ ਤਾਂ ਉਸ ਦੇ ਵਰਗਾ ਬਣ।

ਮੁਗ਼ਲਾਂ ਦੀ ਇਕ ਕੁੜੀ ਨੇ ਬੁਰਕਾ ਸਿਰ ਤੋਂ ਲਾਹਿਆ ਹੋਇਆ ਹੈ। ਬਜ਼ਾਰੋਂ ਬਾਜ਼ਾਰ ਤੁਰੀ ਜਾ ਰਹੀ ਹੈ। ਮੰਦਿਰ ਦਾ ਦਰਵਾਜ਼ਾ ਖੁੱਲ੍ਹਿਆ ਤੇ ਪੁਜਾਰੀ ਆਰਤੀ ਕਰ ਰਿਹਾ ਹੈ। ਲੰਘਦੀ ਲੰਘਦੀ ਉਸ ਮੁਗ਼ਲਾਂ ਦੀ ਕੁੜੀ ਨੇ ਅੰਦਰ

ਧਿਆਨ ਮਾਰ ਕੇ ਦੇਖਿਆ। ਮੰਦਰ ਦੇ ਅੰਦਰ ਕ੍ਰਿਸ਼ਨ ਦੀ ਮੂਰਤੀ ਪਈ ਸੀ। ਸਾਂਵਲਾ ਜਿਹਾ ਉਸ ਦਾ ਰੰਗ ਸੀ। ਇਕ ਲੱਤ ਦੂਜੀ ਲੱਤ ਉੱਪਰ ਚਾੜ੍ਹ ਕੇ ਪੱਥਰ ਘੜਨ ਵਾਲੇ ਨੇ ਉਸ ਨੂੰ ਟੇਢੀ ਕੀਤਾ ਹੋਇਆ ਸੀ। ਬੜੀ ਸੁੰਦਰ ਮੂਰਤੀ ਬਣਾਈ ਸੀ ਕਿਸੇ ਮੂਰਤੀ ਘੜਨ ਵਾਲੇ ਨੇ। ਮੁਗ਼ਲਾਂ ਦੀ ਕੁੜੀ ਮੂਰਤੀ ਦੇਖ ਕੇ ਕੁਝ ਸਮਾਂ ਖਲੋ ਗਈ ਅਤੇ ਫਿਰ ਅੰਦਰ ਚਲੀ ਗਈ। ਮੂਰਤੀ ਦੇ ਸਾਹਮਣੇ ਖਲੋ ਕੇ ਉਸ ਮੂਰਤੀ ਨਾਲ ਗੱਲੀਂ ਪੈ ਗਈ। ਐ ਸਾਂਵਲੇ ਸਲੋਨੇ ! ਐ ਮੁਰਲੀ ਮਨੋਹਰ ! ਇਹ ਮੈਂ ਜਾਣਦੀ ਹਾਂ ਕਿ ਤੂੰ ਪੱਥਰ ਹੈਂ। ਮੈਂ ਇਹ ਵੀ ਸੁਣਿਆ ਹੈ ਕਿ ਧੰਨੇ ਵਰਗਿਆਂ ਨੇ ਤੈਨੂੰ ਪੱਥਰ ਵਿਚੋਂ ਹੀ ਪ੍ਰਗਟ ਕਰ ਲਿਆ ਹੈ। ਐ ਸਾਂਵਲੇ ਰੰਗ ਵਾਲੇ ! ਮੈਂ ਜਦੋਂ ਮਸੀਤੇ ਪੜ੍ਹਦੀ ਹੁੰਦੀ ਸੀ ਤਾਂ ਉਦੋਂ ਸਾਡੀ ਕੁੜੀਆਂ ਦੀ ਆਪਸ ਵਿਚ ਬਹਿਸ ਸ਼ੁਰੂ ਹੋ ਗਈ ਕਿ ਕ੍ਰਿਸ਼ਨ ਦਾ ਰੰਗ ਸਾਂਵਲਾ ਕਿਉਂ ਹੈ ? ਇਕ ਕਹਿਣ ਲੱਗੀ ਕਿ ਕ੍ਰਿਸ਼ਨ ਜੀ ਨੇ ਜਦੋਂ ਕਾਲੇ ਨਾਗ ਨੂੰ ਨੱਪਣਾ ਚਾਹਿਆ ਤਾਂ ਕਾਲੇ ਨਾਗ ਨੇ ਕ੍ਰਿਸ਼ਨ ਵੱਲ ਫੂਕ ਮਾਰੀ ਅਤੇ ਉਸ ਦੀ ਜ਼ਹਿਰ ਭਰੀ ਫੂਕ ਨਾਲ ਕ੍ਰਿਸ਼ਨ ਜੀ ਦਾ ਰੰਗ ਸਾਂਵਲਾ ਹੋ ਗਿਆ। ਦੂਜੀ ਕਹਿਣ ਲੱਗੀ ਕਿ ਹਕੀਕਤ ਇਹ ਹੈ ਕਿ ਅਸੀਂ ਕਰਦੇ ਹਾਂ ਪਾਪ, ਅਸੀਂ ਹਾਂ ਗੁਨਾਹਗਾਰ ਅਤੇ ਉਹ ਹੈ ਪਾਪ ਬਖ਼ਸ਼ਣ ਵਾਲਾ। ਪਾਪਾਂ ਦਾ ਰੰਗ ਕਾਲਾ ਹੁੰਦਾ ਹੈ। ਉਹ ਸਾਡੇ ਪਾਪ ਮਾਫ਼ ਕਰਦਾ ਕਰਦਾ ਹੀ ਸਾਂਵਲਾ ਹੋ ਗਿਆ। ਤੀਜੀ ਕਹਿਣ ਲੱਗੀ ਕਿ ਗ਼ਲਤ ਹੈ, ਭਗਵਾਨ ਨੂੰ ਪਾਪ-ਪੁੰਨ ਨਾਲ ਕੋਈ ਲੈਣਾ ਦੇਣਾ ਨਹੀਂ। ਕਹਿਣ ਲੱਗੀ ਕਿ ਅਸੀਂ ਹਾਂ ਇਸਤਰੀਆਂ। ਸਾਡੀ ਗਿਣਤੀ ਬਹੁਤੀ ਹੈ। ਇਸਤਰੀ ਜਾਤੀ ਦਾ ਇਹ ਰਿਵਾਜ ਹੈ ਕਿ ਇਹ ਅੱਖਾਂ ਵਿਚ ਕਜਲਾ ਪਾਉਂਦੀਆਂ ਹਨ। ਕਜਲਾ ਕਾਲਾ ਹੁੰਦਾ ਹੈ। ਉਹ ਵੀ ਅੱਖਾਂ ਵਿਚ ਮੱਚਦਾ ਹੈ। ਜਿਹੜਾ ਆਪਣਾ ਇਸ਼ਟ ਹੁੰਦਾ ਹੈ, ਉਸ ਦੀ ਮੂਰਤੀ ਵੀ ਅੱਖਾਂ ਵਿਚ ਵੱਸਦੀ ਹੈ। ਉਹ ਸਾਡੀਆਂ ਅੱਖਾਂ ਨਾਲ ਲੱਗੇ ਸੁਰਮੇ ਵਿਚ ਲੇਟ ਲੇਟ ਕੇ ਹੀ ਸਾਂਵਲਾ ਹੋ ਗਿਆ ਹੈ।

ਮੁਗ਼ਲਾਂ ਦੀ ਕੁੜੀ ਕਹਿਣ ਲੱਗੀ ਕਿ ਹੇ ਕ੍ਰਿਸ਼ਨਾ ! ਹੈ ਤਾਂ ਤੂੰ ਪੱਥਰ ਦੀ ਮੂਰਤੀ ਪਰ ਘੜਨ ਵਾਲੇ ਨੇ ਗ਼ਜ਼ਬ ਕਰ ਦਿੱਤਾ ਹੈ। ਜੇਕਰ ਤੂੰ ਧੰਨੇ ਵਰਗਿਆਂ ਦੀ ਈਨ ਪੂਰੀ ਕਰਨ ਲਈ ਪੱਥਰਾਂ ਵਿਚੋਂ ਪ੍ਰਗਟ ਹੋ ਜਾਂਦਾ ਹੈਂ ਤਾਂ ਮੈਂ ਮੁਗ਼ਲਾਂ ਦੀ ਕੁੜੀ ਤੇਰੇ ਅੱਗੇ ਮਿੰਨਤ ਕਰਦੀ ਹਾਂ ਕਿ ਕ੍ਰਿਸ਼ਨਾ ! ਇਸ ਪੱਥਰ ਵਿਚੋਂ ਪ੍ਰਗਟ ਹੋ ਕੇ ਆਪਣੇ ਲਬਾਂ ਉੱਤੇ ਰੱਖੀ ਹੋਈ ਬੰਸਰੀ ਵਿਚੋਂ ਦੋ ਕੁ ਫੂਕਾਂ ਮਾਰ। ਮੈਨੂੰ ਕੁਝ ਸੁਣਾ ਕੇ ਮੇਰੀ ਰੀਝ ਵੀ ਪੂਰੀ ਕਰ ਦੇ।

ਮੁਗ਼ਲਾਂ ਦੀ ਕੁੜੀ ਹਾਲਾਂ ਗੱਲਾਂ ਕਰ ਹੀ ਰਹੀ ਸੀ ਕਿ ਪੁਜਾਰੀ ਆ ਗਿਆ। ਪੁਜਾਰੀ ਹੈਰਾਨ ਹੋ ਗਿਆ ਕਿ ਇਹ ਤਾਂ ਮੁਗ਼ਲਾਂ ਦੀ ਕੁੜੀ ਹੈ। ਪੜ੍ਹਦੀ ਕੁਰਾਨ ਹੈ ਤੇ ਤਰਲੇ ਲੈਂਦੀ ਪਈ ਹੈ ਪੱਥਰ ਦੇ ਬੁੱਤ ਅੱਗੇ। ਪੁਜਾਰੀ ਪਿਛਲੇ ਪਾਸੇ ਖਲੋ ਕੇ ਕਹਿਣ ਲੱਗਾ—ਐ ਲੜਕੀ! ਤੈਨੂੰ ਆਪਣੀ ਮਾਂ ਦਾ, ਆਪਣੇ ਪਿਉ ਦਾ, ਆਪਣੇ ਮੌਲਾਨੇ ਕਾਜ਼ੀ ਦਾ ਡਰ ਨਹੀਂ ? ਤੁਸੀਂ ਲੋਕ ਤਾਂ ਬੁੱਤਾਂ ਨੂੰ ਤੋੜਦੇ ਹੋ, ਪਰੰਤੂ ਤੂੰ ਇਕ ਬੁੱਤ ਦੇ ਅੱਗੇ ਤਰਲੇ ਲੈ ਰਹੀ ਹੈਂ। ਕਾਜ਼ੀ ਦੇ ਫ਼ਤਵੇ ਦਾ ਤੈਨੂੰ ਕੋਈ ਭੈਅ ਨਹੀਂ ?

ਲੜਕੀ ਇੰਨੀ ਮਸਤ ਹੋਈ ਹੋਈ ਸੀ ਕਿ ਉਸ ਨੂੰ ਇਹ ਪਤਾ ਹੀ ਨਾ ਲੱਗਾ ਕਿ ਮੇਰੇ ਪਿੱਛੇ ਖੜੇ ਪੰਡਿਤ ਜੀ ਮੇਰੇ ਨਾਲ ਗੱਲਾਂ ਕਰ ਰਹੇ ਹਨ। ਉਸ ਨੇ ਸਮਝਿਆ ਕਿ ਮੇਰਾ ਜਾਇਜ਼ਾ ਲੈਣ ਲਈ ਸ਼ਾਇਦ ਮੇਰੇ ਅੰਦਰੋਂ ਕ੍ਰਿਸ਼ਨ ਜੀ ਸਵਾਲ ਕਰ ਰਹੇ ਹਨ। ਕਹਿਣ ਲੱਗੀ :-

ਸੁਣੋ ਦਿਲਜਾਨੀ ਮੇਰੇ ਦਿਲ ਕੀ ਕਹਾਨੀ।
ਤੁਮਰੇ ਦਸਤ ਹੀ ਬਿਕਾਨੀ ਮੈਂ ਬੇਦ ਪੂਜਾ ਠਾਨੀ।
ਮੈਂ ਹੂੰ ਮੁਗ਼ਲਾਨੀ ਪਰ ਹਿੰਦਵਾਨੀ ਹੋ ਕੇ ਰਹੂੰਗੀ।

ਗੁਰੂ ਦੇ ਸਿੱਖਾ ! ਪ੍ਰਭੂ ਦਾ ਪੁਜਾਰੀ ਬਣਨ ਦੀ ਕੋਸ਼ਿਸ਼ ਕਰ। ਉਸ ਦੇ ਚਰਨਾਂ ਨਾਲ ਜੁੜ ਜਾ। ਉਸ ਦੇ ਦਰ 'ਤੇ ਢਹਿ ਪਉ। ਆਪਣੀ ਝੋਲੀ ਅੱਡ ਅਤੇ ਉਸ ਦੇ ਕੋਲੋਂ ਖ਼ੈਰ ਮੰਗ। ਤੇਰੀ ਝੋਲੀ ਅਵੱਸ਼ ਭਰ ਜਾਏਗੀ।

ਜਿਹੜਾ ਹਰ ਜਗ੍ਹਾ ਵਿਚ ਮੌਜੂਦ ਹੈ, ਗੁਰਮਤਿ ਨੇ ਉਸ ਨੂੰ ਰਾਮ ਮੰਨਿਆ ਹੈ। ਸਾਰਿਆਂ ਦੇ ਅੰਦਰ ਜੋ ਰਮਿਆ ਹੈ, ਉਹ ਹੈ ਕੇਵਲ ਸਤਿਨਾਮ ਵਾਹਿਗੁਰੂ।

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

(ਅੰਗ ੪੮੫)

ਵਾਹਿਗੁਰੂ ਤੋਂ ਬਿਨਾਂ ਦੂਜਾ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ। ਉਸ ਰਾਮ ਦਾ ਨਿਮਖ ਮਾਤਰ ਸਿਮਰਨ ਕਰੋ ਤਾਂ ਉਹ ਸੰਸਾਰ ਸਮੁੰਦਰ ਤੋਂ ਪਾਰ ਕਰ ਦੇਵੇਗਾ।

ਹਉ ਆਇਆ ਸਾਮ੍ਹੈ ਤਿਹੰਡੀਆ॥

(ਅੰਗ ੭੩)

ਮੈਂ ਤੇਰੀ ਸ਼ਰਨ ਵਿਚ ਆ ਗਿਆ ਹਾਂ। ਜਿਸ ਦਿਨ ਦਾ ਤੇਰੀ ਸ਼ਰਨ ਵਿਚ ਆ ਗਿਆ ਹਾਂ, ਉਸੇ ਦਿਨ ਹੀ—

ਪੰਜਿ ਕਿਰਸਾਣ ਮੁਜੇਰੇ ਮਿਹੜਿਆ॥

ਜਿਹੜੇ ਪੰਜ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਲੋਕਾਂ ਦਾ ਬੇੜਾ ਗ਼ਰਕ ਕਰ ਦਿੰਦੇ ਹਨ, ਉਸ ਵੇਲੇ ਉਹ ਇਨਸਾਨ ਬਣ ਗਏ।

ਕੰਨੁ ਕੋਈ ਕਢਿ ਨ ਹੰਘਈ

ਹੁਣ ਉਹਨਾਂ ਪੰਜਾਂ ਵਿਚੋਂ ਮੇਰੇ ਸਾਹਮਣੇ ਕੋਈ ਵੀ ਟਿੱਕਦਾ ਨਹੀਂ।

ਨਾਨਕ ਵੁਠਾ ਘੁਘਿ ਗਿਰਾਉ ਜੀਉ॥

(ਅੰਗ ੭੩)

ਮੈਂ ਪੰਜੇ ਵੱਸ ਵਿਚ ਕਰ ਲਏ। ਆਉ ਬਾਬੇ ਨਾਨਕ ਦੀ ਸ਼ਰਨ, ਪੰਜੇ ਤੁਹਾਡੇ ਵੱਸ ਵਿਚ ਹੋਣਗੇ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਹਿੰਦੇ ਹਨ ਕਿ ਜੇਕਰ ਨਸ਼ਿਆਂ ਵਿਚ ਨਿਕੰਮੇ ਤੋਂ ਨਿਕੰਮਾ, ਭੈੜੇ ਤੋਂ ਭੈੜਾ, ਛੋਟੇ ਤੋਂ ਛੋਟਾ ਨਸ਼ਾ ਹੈ ਤਾਂ ਉਹ ਹੈ ਤੰਬਾਕੂ। ਹਜ਼ੂਰ ਕਹਿੰਦੇ ਹਨ—ਸਿੱਖ ਇਸ ਨੂੰ ਕਦੀ ਵੀ ਸੇਵਨ ਨਾ ਕਰੇ। ਜਿਹੜਾ ਸਿੱਖ ਨਸ਼ਿਆਂ ਨੂੰ ਸੇਵਨ ਕਰੇਗਾ, ਉਹ ਸਿੱਖ ਸਿੱਖੀਉਂ ਪਤਿਤ ਹੋ ਜਾਏਗਾ। ਪ੍ਰਮਾਤਮਾ ਨੂੰ ਰਸਨਾ ਨਾਲ ਗਾਉ। ਪ੍ਰਮਾਤਮਾ ਨੂੰ ਮਨ ਕਰਕੇ ਧਿਆਉ। ਉਸ ਨੂੰ ਕੰਨਾਂ ਨਾਲ ਸੁਣੋ। ਉਸ ਦਾ ਕੀਰਤਨ ਗਾਉ। ਉਸ ਦੀ ਕਥਾ ਸੁਣੋ। ਉਸ ਨੂੰ ਮਨ ਨਾਲ ਅਰਾਧੋ। ਉਸ ਨੂੰ ਰਸਨਾ ਨਾਲ ਗਾਉ। ਸੰਸਾਰ ਨੂੰ ਬਣਾਉਣ ਵਿਚ ਮੇਰਾ ਮਾਲਕ ਸਮਰੱਥ ਹੈ। ਉਸ ਦੇ ਦਰ 'ਤੇ ਆਇਆ ਹੋਇਆ ਕੋਈ ਖ਼ਾਲੀ ਨਹੀਂ ਜਾਂਦਾ। ਕੋਈ ਰੋਂਦਾ-ਧੋਂਦਾ ਨਹੀਂ ਜਾਂਦਾ। ਸਾਰੇ ਮੰਗਤੇ ਜਿਹੜੇ ਦਰ 'ਤੇ ਆਉਂਦੇ ਹਨ, ਉਹ ਰੱਜ ਕੇ ਜਾਂਦੇ ਹਨ—

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥

(ਅੰਗ ੬੮੧)

ਉਸ ਦਾ ਦਾਸ, ਉਸ ਦਾ ਸੇਵਕ ਮੁਖੋਂ ਜੋ ਕਹਿ ਦੇਵੇ, ਉਹ ਸੱਚ ਹੋ ਜਾਂਦਾ ਹੈ। ਤੂੰ ਦਾਸ ਬਣ ਕੇ ਤਾਂ ਦੇਖ। ਭਾਗਾਂ ਨਾਲ ਤੈਨੂੰ ਮਨੁੱਖਾ ਜਨਮ

ਮਿਲਿਆ ਹੈ। ਹੇ ਕ੍ਰਿਪਾਲੂ ! ਜਿਥੇ ਮਨੁੱਖਾ ਜਨਮ ਬਖ਼ਸ਼ਿਆ ਹੈ, ਉਥੇ ਹੋਰ ਇਕ ਕ੍ਰਿਪਾ ਕਰ :-

ਵਡੈ ਭਾਗਿ ਰਤਨੁ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ॥
ਸਾਧਸੰਗਿ ਨਾਨਕੁ ਗੁਣ ਗਾਵੈ

ਸੰਗਤ ਵਿਚ ਬੈਠ ਕੇ ਨਾਨਕ ਤੇਰੇ ਗੁਣ ਗਾਉਂਦਾ ਰਹੇ। ਸੰਗਤ ਵਿਚ ਬੈਠ ਕੇ ਨਾਨਕ ਤੇਰੀ ਅਰਾਧਨਾ ਕਰਦਾ ਰਹੇ। ਸੰਗਤ ਵਿਚ ਬੈਠ ਕੇ ਨਾਨਕ ਤੇਰਾ ਸੋਹਿਲਾ ਗਾਉਂਦਾ ਰਹੇ।

ਸਿਮਰੈ ਸਦਾ ਗੁੋਪਾਲਾ॥

(ਅੰਗ ੬੧੧)

ਗੁਰੂ ਦੇ ਸਿੱਖੋ ! ਸੰਗਤ ਵਿਚ ਆ ਕੇ ਸਮਾਧੀਆਂ ਲਗਾਉ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਵਿਚ ਸਾਧ ਸੰਗਤ ਦੀ ਬੜੀ ਮਹੱਤਤਾ ਦਰਸਾਈ ਗਈ ਹੈ। ਸਾਧ ਸੰਗਤ ਦਾ ਦਰਜਾ ਬੜਾ ਉੱਚਾ ਮੰਨਿਆ ਗਿਆ ਹੈ। ਸਾਧ ਸੰਗਤ ਵਿਚ ਹੀ ਹਰੀ ਦਾ ਵਾਸਾ ਹੈ। ਸਾਧ ਸੰਗਤ ਵਿਚੋਂ ਹਰੀ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਸਾਧ ਸੰਗਤ ਨੂੰ ਸੱਚਖੰਡ ਵੀ ਆਖਿਆ ਹੈ। ਭਾਈ ਗੁਰਦਾਸ ਜੀ ਦੀ ੨੪ਵੀਂ ਵਾਰ ਵਿਚ ਇਕ ਬਚਨ ਆਉਂਦਾ ਹੈ :-

ਧਰਮਸਾਲ ਕਰਤਾਰ ਪੁਰ ਸਾਧਸੰਗਤਿ ਸਚ ਖੰਡੁ ਵਸਾਇਆ।

(ਵਾਰ ੨੪, ਪਉੜੀ ੧)

ਉਹ ਜੋ ਸਾਧ ਸੰਗਤ ਸੱਚਖੰਡਿ ਹੈ, ਗੁਰੂ ਗ੍ਰੰਥ ਸਾਹਿਬ ਵਿਚ ਇਕ ਬਚਨ ਆਉਂਦਾ ਹੈ :-

ਹਰਿ ਰਸ ਕੀ ਕੀਮਤਿ ਕਹੀ ਨ ਜਾਇ॥

(ਅੰਗ ੩੭੭)

ਵਾਹਿਗੁਰੂ ਦੇ ਨਾਮ ਦਾ ਜਿਹੜਾ ਰੱਸ ਹੈ, ਸੁਆਦ ਹੈ, ਇਸ ਦੀ ਕੀਮਤ ਕਹੀ ਨਹੀਂ ਜਾ ਸਕਦੀ। ਜੇ ਇਸ ਨੂੰ ਮੁੱਲ ਤਾਰ ਕੇ ਲੈਣਾ ਚਾਹੀਏ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ :-

ਲਾਖ ਕਰੋਰੀ ਮਿਲੈ ਨ ਕੇਹ॥

(ਅੰਗ ੩੭੭)

ਕਰੋੜਾਂ ਰੁਪਇਆ ਖ਼ਰਚਿਆਂ ਵੀ ਇਹ ਕਿਸੇ ਨੂੰ ਮਿਲ ਨਹੀਂ ਸਕਦਾ। ਜਿਸ ਨੂੰ ਸਾਧ ਸੰਗਤ ਪ੍ਰਾਪਤ ਹੋ ਗਈ, ਜਿਹੜਾ ਸਾਧ ਸੰਗਤ ਵਿਚ ਆ ਕੇ ਬੈਠ ਗਿਆ, ਜਿਸ ਨੇ ਸੰਗਤ ਵਿਚ ਆ ਕੇ ਮਨ ਲਾ ਲਿਆ, ਹਰੀ ਪ੍ਰਮਾਤਮਾ ਦੇ ਨਾਮ ਦਾ ਰੱਸ ਵਾਹਿਗੁਰੂ ਉਸ ਨੂੰ ਦਿੰਦਾ ਹੈ। ਭਾਈ ਗੁਰਦਾਸ ਜੀ ਗੁਰਮਤਿ ਦੇ ਬੜੇ ਉੱਚੇ, ਸਿਆਣੇ, ਸੁਚੱਜੇ ਟੀਕਾਕਾਰ ਹਨ। ਉਹਨਾਂ ਨੇ ਸਾਰੇ ਸਿੱਖ ਪੰਥ ਉੱਪਰ, ਸਾਰੇ ਸਤਿਸੰਗੀਆਂ ਉੱਪਰ ਇਕ ਬੜਾ ਜ਼ਬਰਦਸਤ ਸਵਾਲ ਕੀਤਾ। ਉਹ ਕਹਿੰਦੇ ਹਨ :-

ਮਾਰਬੇ ਕੋ ਤ੍ਰਾਸ ਦੇਖਿ ਚੋਰ ਨ ਤਜਤ ਚੋਰੀ,

ਮਾਂ ਦਾ ਡਰ ਦੇਖ ਕੇ ਚੋਰ ਚੋਰੀ ਨੂੰ ਤਿਆਗਦਾ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ ਕਿ ਮਨਮੁਖ ਇਸ ਤਰ੍ਹਾਂ ਜਮਾਂ ਦੀ ਪੁਰੀ ਵਿਚ ਗਿਆ ਹੋਇਆ ਮਾਰ ਖਾਂਦਾ ਹੈ, ਜਿਵੇਂ ਸੰਘ ਤੋਂ ਫੜਿਆ ਹੋਇਆ ਚੋਰ ਮਾਰ ਖਾਂਦਾ ਹੈ। ਇਸ ਦਾ ਮਤਲਬ ਹੋਇਆ ਕਿ ਚੋਰ ਨੂੰ ਬੜੀ ਮਾਰ ਪੈਂਦੀ ਹੈ। ਭਾਈ ਗੁਰਦਾਸ ਕਹਿੰਦੇ ਹਨ-

ਬਟਵਾਰਾ

ਸਵਾਲ ਪੈਦਾ ਹੋਇਆ ਕਿ ਚੋਰ ਮਾਰ ਖਾ ਕੇ ਵੀ ਚੋਰੀ ਕਿਉਂ ਨਹੀਂ ਛੱਡਦਾ ? ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਉਸ ਦਾ ਖਾਣਾ-ਪੀਣਾ, ਉੱਠਣਾ-ਬੈਠਣਾ, ਲੈਣ-ਦੇਣ ਚੋਰਾਂ ਨਾਲ ਸੀ। ਚੋਰਾਂ ਦੀ ਖੋਟੀ ਸੰਗਤ ਨੇ ਅਜਿਹਾ ਰੰਗ ਚਾੜ੍ਹਿਆ ਕਿ ਹੁਣ ਉਹ ਬੇਇੱਜ਼ਤ ਭਾਵੇਂ ਹੋ ਜਾਏ, ਮਾਰ ਭਾਵੇਂ ਖਾ ਲਏ, ਕੈਦ ਭਾਵੇਂ ਕੱਟ ਲਏ, ਪਰ ਉਹ ਖੋਟੀ ਸੰਗਤ ਦਾ ਗ੍ਰਹਿਣ ਕੀਤਾ ਹੋਇਆ ਅਸਰ ਚੋਰੀ ਨਹੀਂ ਛੱਡਦਾ।

ਬਟਵਾਰਾ ਬਟਵਾਰੀ ਸੰਗਿ ਹੁਇ ਤਕਤ ਹੈ॥

ਬਟਵਾਰਾ ਕਹਿੰਦੇ ਹਨ ਡਾਕੂ ਨੂੰ। ਡਾਕੂ ਨੂੰ ਪਤਾ ਹੈ ਕਿ ਮੈਂ ਜਿਸ ਦਿਨ ਫੜਿਆ ਗਿਆ, ਮੇਰੇ ਗਲ੍ਹ ਵਿਚ ਫਾਂਸੀ ਦਾ ਰੱਸਾ ਪੈਣਾ ਹੈ। ਇੰਨੀ ਕਰੜੀ ਸਜ਼ਾ ਆਪਣੇ ਸਾਹਮਣੇ ਦੇਖਦਿਆਂ ਹੋਇਆਂ ਫਿਰ ਵੀ ਉਹ ਡਾਕੇ ਮਾਰਨੋਂ ਬਾਜ਼ ਨਹੀਂ ਆਉਂਦਾ। ਬਟਵਾਰਾ ਦਾ ਇਹ ਅਰਥ ਹੈ ਕਿ ਬਾਕੀ ਦੇ ਡਾਕੂਆਂ ਨਾਲ ਆਪਣੀ ਪਾਰਟੀ ਦੇ ਬੰਦੇ ਇਕੱਠੇ ਕਰਕੇ ਡਾਕੇ ਮਾਰਨ ਲਈ ਉਹ ਫਿਰ

ਸੋਚਾਂ ਸੋਚਦਾ ਹੈ। ਮੌਤ ਸਾਹਮਣੇ ਨੱਚ ਰਹੀ ਹੈ, ਪਰ ਡਾਕਾ ਮਾਰਨੋਂ ਫਿਰ ਵੀ ਬਾਜ਼ ਨਹੀਂ ਆਉਂਦਾ। ਕਿਉਂ ਬਾਜ਼ ਨਹੀਂ ਆਉਂਦਾ ? ਕਿਉਂਕਿ ਉਸ ਦਾ ਫਿਰਨਾ-ਤੁਰਨਾ, ਵਰਤੋਂ-ਵਿਹਾਰ ਸਾਰਾ ਡਾਕੂਆਂ ਨਾਲ ਸੀ। ਡਾਕੂਆਂ ਦੀ ਖੋਟੀ ਸੰਗਤ ਨੇ ਅਜਿਹਾ ਰੰਗ ਚਾੜ੍ਹਿਆ ਕਿ ਹੁਣ ਉਹ ਮੌਤ ਤਾਂ ਕਬੂਲ ਕਰ ਸਕਦਾ ਹੈ, ਪਰੰਤੂ ਡਾਕਾ ਮਾਰਨੋਂ ਬਾਜ਼ ਨਹੀਂ ਆ ਸਕਦਾ। ਫਿਰ ਇਕ ਤੀਸਰਾ ਪ੍ਰਮਾਣ ਦਿੰਦੇ ਹਨ :-

ਬੇਸ੍ਵਾ-ਰਤਿ ਬ੍ਰਿਥਾ ਭਏ, ਮਨ ਮੈ ਨ ਸੰਕਾ ਮਾਨੈ,

ਬੇਸਵਾ ਦਾ ਭਾਵ ਹੈ ਬਾਜ਼ਾਰੀ ਔਰਤ। ਜਿਸ ਕਿਸੇ ਕਾਮੀ ਪੁਰਸ਼ ਦਾ ਵੇਸਵਾ ਨਾਲ ਪਿਆਰ ਹੋ ਗਿਆ ਅਤੇ ਜੇਕਰ ਉਸ ਦੇ ਤਨ ਵਿਚ ਕੋਈ ਰੋਗ ਹੋ ਜਾਏ, ਜੇਕਰ ਉਸ ਨੂੰ ਕੋੜ੍ਹ ਦਾ ਰੋਗ ਵੀ ਹੋ ਜਾਏ, ਫਿਰ ਵੀ ਉਹ ਵੇਸਵਾ ਦੇ ਦੁਆਰ 'ਤੇ ਜਾਣ ਤੋਂ ਸ਼ੰਕਾ ਨਹੀਂ ਕਰਦਾ। ਉਹ ਰਿਸ਼ਤੇਦਾਰਾਂ ਵਿਚ ਬਦਨਾਮ ਹੋ ਗਿਆ। ਗਲੀ ਗੁਆਂਢ ਵਿਚ ਬਦਨਾਮ ਹੋ ਗਿਆ। ਕੋਈ ਵੀ ਇੱਜ਼ਤ ਨਾ ਰਹੀ। ਫਿਰ ਵੀ ਉਹ ਵੇਸਵਾ ਦਾ ਦੁਆਰਾ ਨਹੀਂ ਛੱਡਦਾ। ਕਿਉਂ ਨਹੀਂ ਛੱਡਦਾ ? ਕਿਉਂਕਿ ਉਸ ਦੀ ਸੰਗਤ ਸੀ ਕਾਮੀ ਪੁਰਸ਼ਾਂ ਨਾਲ। ਖੋਟੀ ਸੰਗਤ ਨੇ ਅਜਿਹਾ ਰੰਗ ਚਾੜ੍ਹਿਆ ਕਿ ਹੁਣ ਬੀਮਾਰੀ ਦਾ ਮਰੀਜ਼ ਹੋਇਆ ਮਰਨੇ ਪਿਆ ਹੈ, ਪਰ ਵੇਸਵਾ ਦਾ ਦੁਆਰ ਨਹੀਂ ਛੱਡਦਾ। ਕਿਉਂ ਨਹੀਂ ਛੱਡਦਾ ? ਕਿਉਂਕਿ ਉਸ ਦਾ ਖਾਣਾ ਪੀਣਾ, ਫਿਰਨਾ-ਤੁਰਨਾ, ਲੈਣ-ਦੇਣ ਕਾਮੀ ਪੁਰਸ਼ਾਂ ਨਾਲ ਸੀ। ਕਾਮੀ ਪੁਰਸ਼ਾਂ ਦੀ ਖੋਟੀ ਸੰਗਤ ਨੇ ਅਜਿਹਾ ਰੰਗ ਚਾੜ੍ਹਿਆ ਕਿ ਉਹ ਉਸ ਕਰਮ ਨੂੰ ਕਰਨ ਤੋਂ ਹਟਦਾ ਨਹੀਂ।

ਜੁਆਰੀ ਨ ਸਰਬਸੁ ਹਾਰੈ ਸੈ ਬਕਤ ਹੈ॥

ਜੁਆਰੀ ਸਭ ਕੁਝ ਜੂਏ ਵਿਚ ਹਾਰ ਜਾਂਦਾ ਹੈ ਪਰ ਫਿਰ ਵੀ ਉਹ ਜੂਆ ਖੇਡਣ ਤੋਂ ਬਾਜ਼ ਨਹੀਂ ਆਉਂਦਾ।

ਅਮਲੀ ਨਾ ਅਮਲ ਤਜਤ ਜਿਉ ਧਿਕਾਰ ਕੀਏ,

ਅਮਲ ਖਾਣ ਵਾਲੇ ਨੂੰ ਧਿੱਕਾਰ ਪਾਈਏ, ਲਾਹਨਤਾਂ ਪਾਈਏ, ਕੋਲ ਬੈਠ ਬੈਠ ਕੇ ਸਮਝਾਈਏ। ਉਸ ਨੂੰ ਅਮਲ ਦੇ ਔਗੁਣ ਚੰਗੀ ਤਰ੍ਹਾਂ ਸਮਝਾਈਏ, ਪਰੰਤੂ ਅਮਲੀ ਅਮਲ ਖਾਣ ਤੋਂ ਬਾਜ਼ ਨਹੀਂ ਆਉਂਦਾ। ਅਮਲੀ ਨੂੰ ਇਹ ਪਤਾ ਹੈ ਕਿ ਲੋਕ ਵੀ ਮੇਰੀ ਨਿੰਦਿਆ ਕਰਦੇ ਹਨ ਤੇ ਵੇਦਾਂ ਵਿਚ ਵੀ ਮੇਰੀ ਨਿੰਦਿਆ

ਲਿਖੀ ਹੈ। ਭਾਈ ਸਾਹਿਬ ਕਹਿੰਦੇ ਹਨ :-

ਦੋਖ ਦੁਖ ਲੋਗ ਬੇਦ ਸੁਨਤ ਛਕਤ ਹੈ॥

ਲੋਕਾਂ ਕੋਲੋਂ ਆਪਣੀ ਨਿੰਦਿਆ ਸੁਣਦਾ ਹੋਇਆ ਵੀ ਅਮਲ ਛੱਕੀ ਜਾਂਦਾ ਹੈ। ਕਿਉਂ ਬਾਜ਼ ਨਹੀਂ ਆਉਂਦਾ ? ਕਿਉਂਕਿ ਉਸ ਦੀ ਸੰਗਤ ਅਮਲੀਆਂ ਨਾਲ ਸੀ। ਬੋਲਣ-ਚਾਲਣ ਅਮਲੀਆਂ ਨਾਲ ਸੀ। ਲੈਣ ਦੇਣ ਅਮਲੀਆਂ ਨਾਲ ਸੀ। ਹੁਣ ਮਰਨੀ ਮਰ ਜਾਏ, ਪਰੰਤੂ ਅਮਲ ਨਹੀਂ ਛੱਡਦਾ।

ਅਧਮ ਅਸਾਧ ਸੰਗ

ਭਾਈ ਸਾਹਿਬ ਕਹਿੰਦੇ ਹਨ ਕਿ ਇਹਨਾਂ ਨੀਚ ਲੋਕਾਂ ਨੇ, ਬਦਚਲਨ ਆਦਮੀਆਂ ਨੇ ਭੈੜੀ ਸੰਗਤ ਨੂੰ ਅੰਗੀਕਾਰ ਕਰ ਲਿਆ।

ਅਧਮ ਅਸਾਧ ਸੰਗ ਛਾਡਤ ਨ ਅੰਗੀਕਾਰ,

ਖੋਟਿਆਂ ਆਦਮੀਆਂ ਨੇ ਸੰਗਤ ਨੂੰ ਅਜਿਹਾ ਅੰਗੀਕਾਰ ਕੀਤਾ ਹੈ ਕਿ ਹੁਣ ਭਾਵੇਂ ਮਰਨੀ ਮਰ ਜਾਣ, ਪਰੰਤੂ ਉਹ ਹੁਣ ਖੋਟੀ ਸੰਗਤ ਦਾ ਅਸਰ ਛੱਡ ਨਹੀਂ ਸਕਦੇ। ਫਿਰ ਭਾਈ ਸਾਹਿਬ ਕਹਿੰਦੇ ਹਨ :-

ਗੁਰਸਿਖ ਸਾਧਸੰਗਿ ਛਾਡਿ ਕਿਉ ਸਕਤ ਹੈ॥ ੩੨੩॥

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਜਿਹੜਾ ਗੁਰੂ ਦਾ ਸਿੱਖ ਆਪਣੇ ਆਪ ਨੂੰ ਅਖਵਾਉਂਦਾ ਹੈ, ਉਹ ਸਾਧ ਸੰਗਤ ਕਿਵੇਂ ਛੱਡ ਸਕਦਾ ਹੈ ? ਗੁਰੂ ਦੇ ਸਿੱਖੋ ! ਤੁਸੀਂ ਵੀ ਆਪਣੇ ਧਰਮ ਵਿਚ ਪ੍ਰਪੱਕ ਹੋਵੋ। ਚਾਹੇ ਜੋ ਮਰਜ਼ੀ ਹੋ ਜਾਏ, ਗੁਰੂ ਦਾ ਦਰ ਕਦੀ ਨਾ ਛੱਡੋ। ਸਾਧ ਸੰਗਤ ! ਅੱਜ ਦੀਆਂ ਮੇਰੀਆਂ ਭੁੱਲਾਂ ਮਾਫ਼ ਕਰਨੀਆਂ। ਬਚਨ ਗੁਰੂ ਦਾ ਜਾਣ ਕੇ, ਅੰਦਰ ਵਸਾ ਲੈਣਾ ਤਾਂਕਿ ਅਸੀਂ ਅੰਤ ਵੇਲੇ ਉੱਜਲਾ ਮੁੱਖ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਪਹੁੰਚ ਸਕੀਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਤਿਚਰੁ ਵਸਹਿ ਸੁਹੇਲੜੀ

ਗੁਰੂ ਦੀ ਸਾਜੀ ਨਿਵਾਜੀ ਗੁਰੂ ਰੂਪ ਸਾਧ ਸੰਗਤ ਜੀ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਕੱਲ ਅਸੀਂ ਸਾਧ ਸੰਗਤ ਦੀ ਮਹੱਤਤਾ ਬਾਰੇ ਚਰਚਾ ਸ਼ੁਰੂ ਕੀਤੀ ਸੀ। ਸਾਧ ਸੰਗਤ ਦਾ ਦਰਜਾ ਬੜਾ ਉੱਚਾ ਮੰਨਿਆ ਗਿਆ ਹੈ। ਸਾਧ ਸੰਗਤ ਵਿਚ ਹਰੀ ਦਾ ਵਾਸਾ ਹੈ। ਸਾਧ ਸੰਗਤ ਵਿਚੋਂ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਸਾਧ ਸੰਗਤ ਨੂੰ ਸੱਚਖੰਡਿ ਵੀ ਕਿਹਾ ਗਿਆ ਹੈ। ਜਿਸ ਨੇ ਵੀ ਸੰਗਤ ਵਿਚ ਆ ਕੇ ਮਨ ਨੂੰ ਟਿਕਾ ਲਿਆ ਹੈ, ਹਰੀ ਪ੍ਰਮਾਤਮਾ ਦੇ ਨਾਮ ਦਾ ਰੱਸ ਉਸ ਨੂੰ ਹੀ ਮਿਲਦਾ ਹੈ। ਜਿਹੜਾ ਸੰਗਤ ਵਿਚ ਆਉਂਦਾ ਹੈ, ਉਸ ਦੇ ਕੰਨਾਂ ਵਿਚ ਅੰਮ੍ਰਿਤ ਬਚਨ ਪੈਂਦਾ ਹੈ :-

ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ॥

(ਅੰਗ ੫੦)

ਸਾਹਿਬ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਹੇ ਦੇਹੀ ! ਤੂੰ ਉੱਨਾ ਚਿਰ ਹੀ ਸੌਖੀ ਹੈਂ, ਉੱਨਾ ਚਿਰ ਹੀ ਤੈਨੂੰ ਕੱਪੜੇ ਵੀ ਚੰਗੇ ਮਿਲਦੇ ਹਨ, ਖਾਣ ਨੂੰ ਵੀ ਚੰਗਾ ਮਿਲਦਾ ਹੈ, ਪਹਿਨਣ ਨੂੰ ਵੀ ਚੰਗਾ ਮਿਲਦਾ ਹੈ, ਸਲਾਮਾਂ ਵੀ ਤੈਨੂੰ ਹੁੰਦੀਆਂ ਹਨ ਪਰੰਤੂ ਕਿੰਨਾ ਚਿਰ ? ਜਿੰਨਾ ਚਿਰ ਤੇਰੇ ਅੰਦਰ ਇਹ ਬੋਲਣ ਵਾਲਾ ਆਤਮਾ, ਇਹ ਜੀਵਨ-ਸਤ੍ਹਾ ਤੇਰੇ ਅੰਦਰ ਹੈ, ਉੱਨਾ ਚਿਰ ਤੂੰ ਸੌਖੀ ਹੈਂ। ਉੱਨਾ ਚਿਰ ਤੇਰਾ ਆਦਰ ਹੈ।

ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ॥

(ਅੰਗ ੫੦)

ਜਿਸ ਦਿਨ ਇਸ ਵਿਚੋਂ ਤੇਰਾ ਸਾਥੀ ਚਲਾ ਗਿਆ, ਜਿਸ ਦਿਨ ਤੇਰੇ ਵਿਚੋਂ ਜੀਵਨ-ਸਤ੍ਹਾ ਖ਼ਤਮ ਹੋ ਗਈ, ਜਿਸ ਦਿਨ ਤੇਰੇ ਪ੍ਰਾਣ ਪੰਖੇਰੂ ਪਰ ਲਾ

ਕੇ ਉੱਡ ਗਏ, ਹੇ ਕਾਇਆ! ਉਸ ਦਿਨ ਤੂੰ ਮਿੱਟੀ ਵਿਚ ਮਿਲ ਜਾਏਂਗੀ। ਤੂੰ ਤਾਂ ਉੱਨਾ ਚਿਰ ਹੀ ਸੌਖੀ ਹੈਂ ਜਿੰਨਾ ਚਿਰ ਤੇਰੇ ਅੰਦਰ ਤੇਰਾ ਮਾਲਕ ਆਤਮਾ ਵੱਸਦਾ ਹੈ।

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥

ਇਹ ਫਿਰ ਮਿੱਟੀ ਇਕੱਠੀ ਕਰਦਾ ਹੈ। ਇਹ ਕਾਇਆ ਇਕ ਮਿੱਟੀ ਦੀ ਪੁੜੀ ਬੰਨ੍ਹੀ ਹੋਈ ਹੈ।

ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥

(ਅੰਗ ੧੩੭੪)

ਜਿਹੜੀ ਦੇਹ ਚਾਰ ਦਿਨਾਂ ਤੋਂ ਦੇਖਣ ਵਿਚ ਆ ਰਹੀ ਹੈ, ਆਖ਼ਿਰ ਨੂੰ ਇਸ ਨੇ ਮਿੱਟੀ ਵਿਚ ਮਿੱਟੀ ਹੋ ਜਾਣਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਕਾਇਆ ਲਈ ਇਕ ਪ੍ਰਮਾਣ ਦਿੱਤਾ ਹੈ। ਗਰੀਬ ਨਿਵਾਜ ਕਹਿੰਦੇ ਹਨ :-

ਤੂ ਕਾਂਇ ਗਰਬਹਿ ਬਾਵਲੀ॥

ਬਾਵਲੀ ਦਾ ਮਤਲਬ ਹੈ ਪਾਗ਼ਲ। ਹੇ ਪਾਗ਼ਲ ਕਾਇਆ ! ਕਿਸ ਚੀਜ਼ ਉੱਤੇ ਤੂੰ ਹੰਕਾਰ ਕਰਦੀ ਹੈਂ ?

ਜੈਸੇ ਭਾਦਉ ਖੂੰਬਰਾਜੁ

ਭਾਦਰੋਂ ਦੇ ਮਹੀਨੇ ਬਰਸਾਤ ਹੋ ਜਾਏ ਤਾਂ ਧਰਤੀ ਵਿਚੋਂ ਖੁੰਬਾਂ ਨਿਕਲਦੀਆਂ ਹਨ ਉਸ ਗਰਮੀ ਨਾਲ। ਉਹ ਜਿਹੜੀ ਖੁੰਬ ਨਿਕਲਦੀ ਹੈ ਧਰਤੀ ਵਿਚੋਂ, ਉਸ ਦੀ ਉਮਰ ੨੪ ਘੰਟੇ ਮੰਨੀ ਗਈ ਹੈ। ੨੪ ਘੰਟੇ ਦੇ ਅੰਦਰ ਅੰਦਰ ਉਸ ਨੂੰ ਪੁੱਟ ਕੇ, ਧੋ ਕੇ ਅਤੇ ਸਾਫ਼ ਕਰਕੇ ਖਾਉ ਤਾਂ ਸੁਆਦ ਬੜਾ ਆਉਂਦਾ ਹੈ, ਪਰੰਤੂ ੨੪ ਘੰਟੇ ਦੇ ਬਾਅਦ ਉਹ ਸੜ ਜਾਂਦੀ ਹੈ।

ਜੈਸੇ ਭਾਦਉ ਖੂੰਬਰਾਜ ਤੂ ਤਿਸ ਤੇ ਖਰੀ ਉਤਾਵਲੀ॥

(ਅੰਗ ੧੧੯੬)

ਤੂੰ ਤਾਂ ਉਸ ਖੁੰਬ ਨਾਲੋਂ ਵੀ ਬੜੀ ਤੇਜ਼ ਹੈਂ। ਤੇਰਾ ਤਾਂ ਪਤਾ ਲੱਗਣਾ ਹੀ ਨਹੀਂ। ਉਸ ਵੇਲੇ ਦਾ ਤੈਨੂੰ ਪਤਾ ਹੀ ਨਹੀਂ ਲੱਗਣਾ ਜਦੋਂ ਜਮਾਂ ਦਾ ਫੰਦਾ ਤੇਰੇ ਗਲ ਵਿਚ ਆ ਪੈਣਾ ਹੈ। ਗੁਰੂ ਗ੍ਰੰਥ ਸਾਹਿਬ ਫ਼ੁਰਮਾਂਦੇ ਹਨ :-

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥

(ਅੰਗ ੫੫)

ਸਮੁੰਦਰ ਬੜਾ ਚੌੜਾ ਅਤੇ ਬੜਾ ਲੰਮਾ ਹੈ, ਬੜਾ ਡੂੰਘਾ ਹੈ। ਕਿਸੇ ਨੇ ਵੀ ਮਿਣਿਆ ਨਹੀਂ ਕਿ ਕਿੰਨੇ ਕਰੋੜ ਟਨ ਇਸ ਦੇ ਵਿਚ ਪਾਣੀ ਹੈ? ਬੇਅੰਤ ਹੈ ਸਮੁੰਦਰ। ਉਸ ਦੇ ਵਿਚ ਮੱਛੀ ਤੈਰਦੀ ਫਿਰਦੀ ਹੈ। ਬੜੇ ਕਲੋਲ ਕਰਦੀ ਹੈ। ਮੱਛੀ ਲਈ ਪਾਣੀ ਹੀ ਦੁਨੀਆਂ ਹੈ। ਪਾਣੀ ਵਿਚ ਹੀ ਉਸ ਦਾ ਜੰਮਣਾ ਹੈ। ਪਾਣੀ ਵਿਚ ਹੀ ਉਸ ਦਾ ਮਰਨਾ ਹੈ। ਪਾਣੀ ਵਿਚ ਹੀ ਉਸ ਦੀ ਖ਼ੁਰਾਕ ਹੈ। ਪਾਣੀ ਵਿਚ ਹੀ ਉਸ ਨੂੰ ਸੁੱਖ ਹੈ ਅਤੇ ਪਾਣੀ ਵਿਚ ਹੀ ਉਸ ਨੂੰ ਦੁੱਖ ਹੈ। ਉਸ ਦੇ ਵਿਚ ਹੀ ਉਹ ਤੈਰਦੀ ਹੈ। ਜੇ ਵੱਡੀ ਮੱਛੀ ਆ ਜਾਏ ਤਾਂ ਉਸ ਦੇ ਕੋਲੋਂ ਡਰ ਕੇ ਆਪਣੀ ਜਾਨ ਬਚਾਉਣ ਲਈ ਪਰ੍ਹੇ ਹੋ ਜਾਂਦੀ ਹੈ। ਮੱਛੀ ਨੂੰ ਪਾਣੀ ਵਿਚੋਂ ਹੀ ਖ਼ੁਰਾਕ ਮਿਲਦੀ ਹੈ। ਵੱਡੀ ਮੱਛੀ ਦੁਸ਼ਮਣ ਨੂੰ ਲੱਭਦੀ ਹੈ। ਨਿੱਕੀ ਮੱਛੀ ਜਿਹੜੀ ਉਸ ਦੀ ਖ਼ੁਰਾਕ ਹੈ, ਉਹ ਉਸ ਨੂੰ ਲੱਭਦੀ ਹੈ। ਪਰ ਜਿਹੜਾ ਜਾਲ ਵਿਛਾਇਆ ਹੋਇਆ ਹੈ, ਜਿਹੜਾ ਉਸ ਦੀ ਮੌਤ ਦਾ ਕਾਰਨ ਹੈ, ਉਹ ਨਹੀਂ ਮੱਛੀ ਨੂੰ ਲੱਭਦਾ। ਮੇਰਾ ਬਾਪੂ ਕਹਿੰਦਾ ਹੈ :-

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥
ਅਤਿ ਸਿਆਣੀ ਸੋਹਣੀ

ਮੱਛੀ ਸਿਆਣੀ ਬੜੀ ਹੈ। ਮੱਛੀ ਸੋਹਣੀ ਬੜੀ ਹੈ। ਤੈਰਦੀ ਹੋਈ ਪਾਣੀ ਵਿਚ ਚੰਗੀ ਲੱਗਦੀ ਹੈ। ਉਸ ਨੂੰ ਦੇਖ ਦੇਖ ਕੇ ਬੜਾ ਪਿਆਰ ਆਉਂਦਾ ਹੈ।

ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥

ਸਿਆਣੀ ਹੈ, ਸੋਹਣੀ ਵੀ ਹੈ ਪਰ ਉਸ ਨੇ ਭਰੋਸਾ ਕਿਉਂ ਕਰ ਲਿਆ ਕਿ ਪਾਣੀ ਵਿਚ ਮੇਰੀ ਮੌਤ ਨਹੀਂ? ਬੇਫ਼ਿਕਰ ਕਿਉਂ ਹੋ ਗਈ?

ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ॥

ਉਹ ਜਿਹੜਾ ਉਸ ਨੇ ਐਤਬਾਰ ਕਰ ਲਿਆ ਸੀ ਕਿ ਪਾਣੀ ਵਿਚ ਮੌਤ ਨਹੀਂ, ਉਸ ਕੀਤੇ ਹੋਏ ਐਤਬਾਰ ਦੇ ਕਾਰਨ ਉਹ ਮੱਛੀ ਫੜੀ ਗਈ। ਗ਼ਰੀਬ ਨਿਵਾਜ ਕਹਿੰਦੇ ਹਨ :-

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ॥
ਭਾਈ ਰੇ ਇਉ ਸਿਰਿ ਜਾਣਹੁ ਕਾਲੁ॥

ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥

(ਅੰਗ ੫੫)

ਜਿਸ ਤਰ੍ਹਾਂ ਮੱਛੀ ਨੂੰ ਅਚਨਚੇਤ ਯਾਦ ਆ ਗਿਆ ਕਿ ਭੱਲੀਏ ! ਮੌਤ ਨੂੰ ਇਸ ਤਰ੍ਹਾਂ ਆਪਣੇ ਸਿਰ 'ਤੇ ਜਾਣ। ਗੁੰਮਰਾਹ ਨਾ ਹੋ। ਮੌਤ ਨੂੰ ਚੇਤੇ ਰੱਖ। ਅਸੀਂ ਬਾਣੀ ਵੱਲੋਂ ਦੂਰ ਹੁੰਦੇ ਜਾ ਰਹੇ ਹਾਂ। ਕਵਿਤਾ ਸਾਨੂੰ ਪਿਆਰੀ ਲੱਗਣ ਲੱਗ ਪਈ ਹੈ। ਮੌਤ ਕਦੀ ਬੰਦੇ ਨੂੰ ਛੱਡ ਕੇ ਨਹੀਂ ਜਾਂਦੀ। ਗੁੰਮਰਾਹ ਨਾ ਹੋ, ਪਤਾ ਨਹੀਂ ਕਿਹੜੇ ਵੇਲੇ ਤੇਰੇ ਗਲ੍ਹ ਵਿਚ ਜਮਾਂ ਦਾ ਜਾਲ ਆ ਪੈਣਾ ਹੈ।

ਸਿਆਲਕੋਟ ਵਿਚ ਇਕ ਫ਼ਕੀਰ ਹੋਇਆ ਹੈ ਹਮਜ਼ਾ ਗੌਂਸ। ਰਿੱਧੀਆਂ ਸਿੱਧੀਆਂ ਉਸ ਦੇ ਕੋਲ ਸਨ। ਉਸ ਦਾ ਹਰ ਬਚਨ ਪੂਰਾ ਹੋ ਜਾਂਦਾ ਸੀ। ਲੋਕ ਉਸ ਦੇ ਕੋਲੋਂ ਡਰਦੇ ਸਨ ਕਿ ਹਮਜ਼ਾ ਗੌਂਸ ਨੇ ਜੇਕਰ ਇਹ ਕਹਿ ਦਿੱਤਾ ਕਿ ਤੁਹਾਡਾ ਕੱਖ ਨਹੀਂ ਰਹੇਗਾ ਤਾਂ ਸਾਡਾ ਕੱਖ ਨਹੀਂ ਰਹਿਣਾ। ਸਿਆਲਕੋਟ ਵਿਚ ਇਕ ਸਨਮਾਨਤ ਬੰਦਾ ਸੀ। ਉਸ ਨੇ ਹਮਜ਼ਾ ਗੌਂਸ ਨੂੰ ਕਿਹਾ ਕਿ ਮੇਰੇ ਘਰ ਕੋਈ ਔਲਾਦ ਨਹੀਂ। ਮੈਂ ਲੱਖਾਂ ਰੁਪਈਆਂ ਦਾ ਮਾਲਕ ਹਾਂ। ਤੂੰ ਫ਼ਕੀਰ ਹੈਂ, ਮੇਰੇ 'ਤੇ ਦਇਆ ਕਰ। ਉਸ ਫ਼ਕੀਰ ਨੇ ਕਿਹਾ ਕਿ ਤੇਰੇ ਘਰ ਜੇਕਰ ਦੋ ਬੱਚੇ ਹੋ ਗਏ ਤਾਂ ਤੈਨੂੰ ਇਕ ਬੱਚਾ ਮੈਨੂੰ ਦੇਣਾ ਪਵੇਗਾ। ਵਾਹਿਗੁਰੂ ਨੇ ਅਜਿਹੀ ਕ੍ਰਿਪਾ ਕੀਤੀ ਕਿ ਉਸ ਦੇ ਘਰ ਦੋ ਤਿੰਨ ਕਾਕੇ ਜੰਮ ਪਏ। ਹਮਜ਼ਾ ਗੌਂਸ ਨੇ ਕਿਹਾ ਕਿ ਲਾਲਾ ! ਇਕ ਬੱਚਾ ਆਪਣੇ ਵਾਅਦੇ ਅਨੁਸਾਰ ਮੈਨੂੰ ਦੇ ਦੇ, ਪਰੰਤੂ ਉਹ ਸੇਠ ਮੁੱਕਰ ਗਿਆ। ਕਹਿਣ ਲੱਗਾ ਕਿ ਆਪਣਾ ਲੜਕਾ ਵੀ ਕੋਈ ਕਿਸੇ ਨੂੰ ਦਿੰਦਾ ਹੈ। ਹਮਜ਼ਾ ਗੌਂਸ ਨੂੰ ਗ਼ੁੱਸਾ ਆ ਗਿਆ।

ਹਮਜ਼ਾ ਗੌਂਸ ਭਾਵੇਂ ਬੰਦਗੀ ਕਰਦਾ ਸੀ ਪਰੰਤੂ ਇਕ ਫ਼ੈਸਲਾ ਉਸ ਨੇ ਅੰਦਰੋਂ ਕਰ ਲਿਆ ਕਿ ਮੈਂ ਮੰਤਰ ਪੜ੍ਹ ਕੇ ਅਤੇ ਬਦਦੁਆ ਦੇ ਕੇ ਸਾਰਾ ਸਿਆਲਕੋਟ ਬਰਬਾਦ ਕਰ ਦੇਣਾ ਹੈ। ਇਕ ਵੀ ਬੰਦਾ ਮੈਂ ਜੀਉਂਦਾ ਨਹੀਂ ਰਹਿਣ ਦੇਣਾ। ਇਹ ਸ਼ਹਿਰ ਝੂਠਿਆਂ ਦਾ ਸ਼ਹਿਰ ਹੈ। ਇਹ ਕਹਿ ਕੇ ਉਹ ਚਿਲਾ ਕੱਟਣ ਲਈ ਗੁੰਬਦ ਵਿਚ ਵੜ ਕੇ ਬੈਠ ਗਿਆ। ਸਿਆਲਕੋਟ ਦੇ ਲੋਕੀਂ ਡਰ ਗਏ ਕਿ ਹਮਜ਼ਾ ਗੌਂਸ ਨੇ ਪਤਾ ਨਹੀਂ ਕਿਹੜੇ ਵੇਲੇ ਚਿਲਾ ਪੂਰਾ ਕਰਕੇ ਸਾਰੇ ਸ਼ਹਿਰ ਨੂੰ ਤਬਾਹ ਕਰ ਦੇਣਾ ਹੈ।

ਸਾਡੇ ਬਾਬੇ ਨਾਨਕ ਨਿਰੰਕਾਰੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ

ਸਾਹਿਬ ਸਿਆਲਕੋਟ ਆ ਗਏ। ਸਾਹਿਬ ਹਮਜ਼ਾ ਗੌਂਸ ਦੀ ਉਸ ਥਾਂ ਦੇ ਕੋਲ ਗਏ ਜਿਥੇ ਉਹ ਚਿਲਾ ਕੱਟ ਰਿਹਾ ਸੀ। ਬਾਹਰ ਕਵਾਲਾਂ ਨੇ ਕਵਾਲੀ ਸ਼ੁਰੂ ਕੀਤੀ ਹੋਈ ਸੀ। ਕਵਾਲੀ ਵਿਚ ਇਹ ਕਹਿ ਰਹੇ ਸਨ ਕਿ ਅੱਲਾਹ ਦਾ ਥਾਂ ਕੇਵਲ ਮੱਕਾ ਹੈ ਅਤੇ ਉਸ ਦਾ ਸੱਚਾ ਨਾਮ ਕੇਵਲ ਖ਼ੁਦਾ ਹੈ। ਜਦੋਂ ਕਵਾਲਾਂ ਦੀ ਕਵਾਲੀ ਖ਼ਤਮ ਹੋਈ ਤਾਂ ਬਾਬੇ ਨਾਨਕ ਨੇ ਕਿਹਾ ਮਰਦਾਨਿਆ ! ਅਸੀਂ ਵੀ ਕਵਾਲੀ ਕਰਨੀ ਹੈ। ਫਿਰ ਸਰਕਾਰ ਦੀ ਕਵਾਲੀ ਸ਼ੁਰੂ ਹੋ ਗਈ। ਗ਼ਰੀਬ ਨਿਵਾਜ ਨੇ ਅੰਮ੍ਰਿਤ-ਬਾਣੀ ਦਾ ਅਲਾਪ ਸ਼ੁਰੂ ਕਰ ਦਿੱਤਾ। ਹਜ਼ੂਰ ਨੇ ਆਪਣੀ ਅੰਮ੍ਰਿਤ ਬਾਣੀ ਵਿਚ ਬਚਨ ਉਚਾਰਨ ਕੀਤੇ :-

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ॥

(ਅੰਗ ੫੩)

ਆਖਿ ਦਾ ਮਤਲਬ ਹੈ ਜੱਪਣਾ। ਜਿੰਨਾ ਤੈਨੂੰ ਜਾਣਿਆ ਜਾਂਦਾ ਹੈ, ਜਿੰਨਾ ਤੈਨੂੰ ਵਜਾਉਣਾ ਆਉਂਦਾ ਹੈ, ਮਤਲਬ ਕਿ ਜਿੰਨਾ ਚਿਰ ਵੀ ਤੂੰ ਮਨ ਦੀ ਸਮਾਧੀ ਲਾ ਸਕਦਾ ਹੈਂ, ਉੱਨਾ ਚਿਰ ਮਨ ਦਾ ਵਾਜਾ ਵਜਾ ਕੇ ਗਾ। ਇਹ ਬਾਹਰ ਦੇ ਸਾਜ਼ਾਂ ਦੀ ਲੋੜ ਸਿਮਰਨ ਕਰਨ ਵੇਲੇ ਨਹੀਂ ਪੈਣੀ।

ਜਿਸ ਨੋ ਵਾਇ ਸੁਣਾਈਐ

ਜਿਸ ਨੂੰ ਅਸੀਂ ਵਾਜਾ ਵਜਾ ਵਜਾ ਕੇ ਸੁਣਾਉਣਾ ਹੈ।

ਸੋ ਕੇਵਡੁ ਕਿਤੁ ਥਾਇ॥

ਉਹ ਕਿੰਨਾ ਕੁ ਵੱਡਾ ਹੈ ? ਉਹ ਕਿਹੜੇ ਥਾਂ ਰਹਿੰਦਾ ਹੈ ? ਇਸ ਨੂੰ ਤਾਂ ਜਾਣਦਾ ਹੀ ਕੋਈ ਨਹੀਂ। ਕਵਾਲ ਕਹਿ ਰਹੇ ਸਨ ਕਿ ਉਸ ਦੇ ਰਹਿਣ ਦੀ ਥਾਂ ਹੈ ਕੇਵਲ ਮੱਕਾ। ਉਸ ਦਾ ਨਾਮ ਸਿਰਫ਼ ਖ਼ੁਦਾ ਹੈ। ਉਹ ਤਾਂ ਕਵਾਲੀ ਵਿਚ ਇਹ ਗਾ ਰਹੇ ਸਨ ਤੇ ਮੇਰਾ ਬਾਬਾ ਸਾਹਿਬ ਸੱਚਾ ਪਾਤਿਸ਼ਾਹ ਆਪਣੀ ਕਵਾਲੀ ਗਾਉਣ ਲੱਗ ਪਏ ਅਤੇ ਕਹਿੰਦੇ ਹਨ :-

ਥਾਵਾ ਨਾਵ ਨ ਜਾਣੀਅਹਿ

ਵਾਹਿਗੁਰੂ ਦੇ ਰਹਿਣ ਦੇ ਕਿੰਨੇ ਕੁ ਥਾਂ ਹਨ ? ਉਹਨਾਂ ਥਾਵਾਂ ਦੇ ਨਾਮ ਕੋਈ ਨਹੀਂ ਜਾਣਦਾ। ਕੀੜਿਆਂ ਵਿਚ ਵੀ ਉਹ ਹੈ। ਬੰਦਿਆਂ ਵਿਚ ਵੀ ਉਹ ਹੈ, ਪੰਛੀਆਂ ਵਿਚ ਵੀ ਉਹ ਹੈ, ਜਾਨਵਰਾਂ ਵਿਚ ਵੀ ਉਹ ਹੈ, ਪੱਤਿਆਂ ਵਿਚ

ਵੀ ਉਹ ਹੈ, ਫੁੱਲਾਂ ਵਿਚ ਵੀ ਉਹ ਹੈ, ਫਲਾਂ ਵਿਚ ਵੀ ਉਹ ਹੈ। ਨਾਮਾਂ ਵਿਚੋਂ ਵੀ ਉਸ ਦਾ ਕਿਹੜਾ ਨਾਮ ਵੱਡਾ ਹੈ, ਇਹ ਵੀ ਕੋਈ ਫ਼ੈਸਲਾ ਨਹੀਂ ਕਰ ਸਕਦਾ।

ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ॥

(ਅੰਗ ੫੩)

ਜਿਥੇ ਮੇਰਾ ਪਾਤਿਸ਼ਾਹ ਵਾਹਿਗੁਰੂ ਵੱਸਦਾ ਹੈ, ਉਹ ਥਾਂ ਕਿੰਨਾ ਕੁ ਵੱਡਾ ਹੋਵੇਗਾ, ਇਹ ਕੋਈ ਨਹੀਂ ਜਾਣਦਾ। ਬਾਣੀ ਦੀ ਕਵਾਲੀ ਦਾ ਅਸਰ ਹੋ ਗਿਆ ਤੇ ਹਮਜ਼ਾ ਗੌਂਸ ਦਾ ਮਕਬਰਾ ਕੰਬਿਆ। ਜਿਹੜੇ ਭੋਰੇ ਵਿਚ ਉਹ ਬੈਠਿਆ ਸੀ, ਉਹ ਡੋਲਿਆ। ਜਦੋਂ ਉਸ ਨੇ ਬਾਹਰ ਆ ਕੇ ਦੇਖਿਆ ਤਾਂ ਇਕ ਫ਼ਕੀਰ ਗਾ ਰਿਹਾ ਹੈ ਅਤੇ ਇਕ ਰਬਾਬ ਵਜਾ ਰਿਹਾ ਹੈ। ਲੋਕ ਲੱਟੂ ਹੋਏ ਪਏ ਹਨ। ਕਿਸੇ ਨੂੰ ਕੋਈ ਵੀ ਚਿੰਤਾ ਨਹੀਂ ਸੀ। ਇਸ ਦਾ ਪ੍ਰਭਾਵ ਹਮਜ਼ਾ ਗੌਂਸ ਉੱਤੇ ਪਿਆ। ਹਮਜ਼ਾ ਗੌਂਸ ਅਗਾਂਹ ਹੋਇਆ ਅਤੇ ਗ਼ਰੀਬ ਨਿਵਾਜ ਨੂੰ ਸਿਜਦਾ ਕੀਤਾ। ਸਰਕਾਰ ਨੇ ਸ਼ਬਦ ਪੂਰਾ ਕਰਕੇ ਭੋਗ ਪਾਇਆ।

ਤਮਾਮ ਦੁਨੀਆਂ ਸਿਆਲਕੋਟ ਦੀ ਇਕੱਠੀ ਹੋ ਗਈ। ਬਾਬੇ ਨੇ ਬਚਨ ਕਰਨੇ ਸ਼ੁਰੂ ਕੀਤੇ—ਹਮਜ਼ਾ ਗੌਂਸ ! ਅੰਦਰ ਬੈਠ ਕੇ ਕੀ ਕਰਦਾ ਪਿਆ ਸੀ ? ਕਿਹੜਾ ਮੰਤਰ ਰਟਨ ਕਰ ਰਿਹਾ ਸੀ ? ਤੂੰ ਸਿਆਲਕੋਟ ਦੇ ਲੋਕਾਂ ਨੂੰ ਭੈਭੀਤ ਕਿਉਂ ਕਰ ਰਿਹਾ ਸੀ ? ਹਮਜ਼ਾ ਗੌਂਸ ਕਹਿਣਾ ਲੱਗਾ :- ਪਾਤਸ਼ਾਹ ! ਇਹ ਸ਼ਹਿਰ ਝੂਠਿਆਂ ਦਾ ਸ਼ਹਿਰ ਹੈ। ਗ਼ਰੀਬ ਨਿਵਾਜ ਕਹਿਣ ਲੱਗੇ—ਹਮਜ਼ਾ ਗੌਂਸ! ਥੋੜਾ ਇਸ ਭਾਵਨਾ ਤੋਂ ਉੱਚਾ ਹੋ ਕੇ ਸੋਚ। ਸਰਕਾਰ ਨੇ ਦੋ ਪੈਸੇ ਕੱਢ ਕੇ ਮਰਦਾਨੇ ਨੂੰ ਦਿੱਤੇ ਅਤੇ ਕਿਹਾ—ਮਰਦਾਨਿਆ ! ਸਿਆਲਕੋਟ ਸ਼ਹਿਰ ਅੰਦਰ ਚਲਾ ਜਾ। ਇਕ ਪੈਸੇ ਦਾ ਲਿਆ ਸੱਚ ਤੇ ਇਕ ਪੈਸੇ ਦਾ ਲਿਆ ਝੂਠ। ਮਰਦਾਨਾ ਫਿਰਦਾ ਰਿਹਾ, ਫਿਰਦਾ ਰਿਹਾ ਪਰ ਕੁਝ ਨਾ ਲੱਭੇ। ਆਖ਼ਿਰ ਇਕ ਗੁਰੂ ਦਾ ਪਿਆਰਾ ਲੱਭ ਪਿਆ। ਉਸ ਨੇ ਦੋਵੇਂ ਪੈਸੇ ਲੈ ਕੇ ਤਜੋਰੀ ਵਿਚ ਪਾ ਲਏ ਤੇ ਇਕ ਵਰਕੇ ਉੱਪਰ ਲਿਖ ਦਿੱਤਾ—ਮਰਦਾਨਿਆ ! ਜੀਉਣਾ ਝੂਠ ਤੇ ਮਰਨਾ ਸੱਚ। ਪਰੰਤੂ ਸਾਧ ਸੰਗਤ ! ਅਸੀਂ ਝੂਠ ਦੇ ਪੁਜਾਰੀ ਹਾਂ। ਕੋਈ ਆਦਮੀ ਸਾਨੂੰ ਰੋਟੀ ਖਾਣ ਲਈ ਸੱਦ ਰਿਹਾ ਹੈ ਕਿ ਮਹਾਰਾਜ ! ਮੇਰੇ ਘਰ ਆ ਕੇ ਪ੍ਰਸ਼ਾਦਾ ਛੱਕ ਲਉ। ਅਸੀਂ ਪ੍ਰਸ਼ਾਦ ਪਾਣੀ ਛੱਕ ਕੇ ਕਹਿੰਦੇ ਹਾਂ ਕਿ ਤੂੰ ਇਸ

ਦਿਨ ਮਰ ਜਾਣਾ ਹੈ। ਉਹ ਡਾਂਗ ਲੈ ਕੇ ਆ ਗਿਆ ਤੇ ਕਹਿਣ ਲੱਗਾ ਕਿ ਮੈਂ ਪ੍ਰਸ਼ਾਦ ਪਾਣੀ ਛਕਾਇਆ ਹੈ ਤੇ ਇਹ ਕਹਿੰਦਾ ਹੈ ਤੂੰ ਮਰ ਜਾਣਾ ਹੈ। ਮਾਰ ਦਿਉ ਇਸ ਨੂੰ। ਇਹ ਕੌਣ ਹੈ ਜਿਹੜਾ ਮੈਨੂੰ ਰੋਟੀ ਖਾ ਕੇ ਇਹ ਕਹੇ ਕਿ ਤੂੰ ਮਰ ਜਾਣਾ ਹੈ।

ਮਰਦਾਨਾ ਉਹ ਵਰਕਾ ਲੈ ਕੇ ਆ ਗਿਆ ਜਿਹੜਾ ਕਿਸੇ ਨੇ ਦਿੱਤਾ ਸੀ। ਬਾਬੇ ਨੇ ਵਰਕਾ ਪੜ੍ਹ ਕੇ ਆਖਿਆ—ਹਮਜ਼ਾ ਗੌਂਸ ! ਤੂੰ ਕਿਹਾ ਸੀ ਕਿ ਸਾਰਾ ਸ਼ਹਿਰ ਝੂਠਿਆਂ ਦਾ ਹੈ, ਪਰੰਤੂ ਇਥੇ ਅਜਿਹੇ ਬੰਦੇ ਵੀ ਵੱਸਦੇ ਹਨ ਜਿਹੜੇ ਕਹਿੰਦੇ ਹਨ ਕਿ ਮਰਨਾ ਸੱਚ ਤੇ ਜੀਉਣਾ ਝੂਠ। ਤੂੰ ਕਿਵੇਂ ਕਹਿੰਦਾ ਹੈਂ ਕਿ ਇਹ ਸ਼ਹਿਰ ਝੂਠਿਆਂ ਦਾ ਹੈ ਤੇ ਮੈਂ ਸਾਰਾ ਸ਼ਹਿਰ ਗ਼ਰਕ ਕਰ ਦੇਣਾ ਹੈ। ਮੈਂ ਇਕ ਬੰਦਾ ਨਹੀਂ ਇਥੇ ਰਹਿਣ ਦੇਣਾ। ਆਪਣੀ ਹਉਮੈ ਤੋਂ ਉੱਚਾ ਹੋ। ਰੱਬ ਦੀ ਬੰਦਗੀ ਕਰ। ਇਹਨਾਂ ਯੰਤਰਾਂ ਮੰਤਰਾਂ ਤੰਤਰਾਂ ਵਿਚ ਨਾ ਪੈ, ਜਿੰਨਾ ਚਿਰ ਤੇਰੇ ਅੰਦਰ ਮਾਲਕ ਹੈ।

ਗੁਰੂ ਗ੍ਰੰਥ ਸਾਹਿਬ ਸਾਨੂੰ ਮਿੰਟ ਮਿੰਟ 'ਤੇ ਗਿਆਨ ਬਖ਼ਸ਼ਦੇ ਹਨ, ਮਿੰਟ ਮਿੰਟ 'ਤੇ ਅੰਮ੍ਰਿਤ ਬਾਣੀ ਬਖ਼ਸ਼ਦੇ ਹਨ। ਵਾਹਿਗੁਰੂ ਨਾ ਕਰੇ ਕੰਤ ਦੀ ਉਮਰ ਥੋੜ੍ਹੀ ਹੋਵੇ। ਉਹ ਇਸਤਰੀ ਨਾਲੋਂ ਪਹਿਲਾਂ ਕੂਚ ਕਰ ਜਾਏ। ਫਿਰ ਜਿਹੜੀ ਦੇਵੀ ਨੂੰ ਸਾਰੇ ਲੋਕੀਂ ਜੀ ਜੀ ਕਰਕੇ ਕਹਿੰਦੇ ਸਨ, ਉਸ ਨੂੰ ਫਿਰ ਉਹੀ ਖਸਮਾਂ ਨੂੰ ਖਾਣੀ ਕਹਿੰਦੇ ਹਨ। ਉਸ ਦੇ ਮੱਥੇ ਨਹੀਂ ਲੱਗਦੀਆਂ ਜ਼ਨਾਨੀਆਂ ਕਿ ਇਸ ਦਾ ਮਾਲਕ ਮਰ ਗਿਆ ਹੈ। ਇਸ ਦੇ ਮੱਥੇ ਨਹੀਂ ਲੱਗਣਾ। ਉਸ ਦਾ ਆਦਰ ਸਤਿਕਾਰ ਨਹੀਂ ਕਰਦੀਆਂ। ਸਤਿਗੁਰੂ ਕਹਿੰਦੇ ਹਨ ਕਿ ਜਿੰਨਾ ਚਿਰ ਤੇਰੇ ਅੰਦਰ ਆਤਮਾ ਵੱਸਦੀ ਹੈ, ਉੱਨਾ ਚਿਰ :-

ਜੀਉ ਜੀਉ ਸਭ ਕਹਾਤ॥

ਲਾਲਾ ਜੀ, ਸਰਦਾਰ ਜੀ, ਸੇਠ ਜੀ, ਬੜੇ ਬੜੇ ਲੋਕੀਂ ਨਾਮ ਦਿੰਦੇ ਹਨ। ਪਤਾ ਕੋਈ ਨਹੀਂ ਲੱਗਦਾ ਕਿ ਮਰਨ ਵਾਲੇ ਕਿਥੇ ਚਲੇ ਗਏ ਹਨ।

ਜੈਨੀਆਂ ਦਾ ਇਕ ਗੁਰੂ ਸੀ। ਉਸ ਦੀ ਮੌਤ ਹੋ ਗਈ। ਮੈਂ ਅਚਨਚੇਤ ਉਦੋਂ ਕਲਗੀਧਰ ਸਿੰਘ ਸਭਾ ਕਥਾ ਕਰਦਾ ਹੁੰਦਾ ਸੀ। ਮੈਂ ਵੀ ਉਹ ਨਜ਼ਾਰਾ ਦੇਖਣ ਲਈ ਚਲਾ ਗਿਆ। ਹਰੇਕ ਜੈਨੀ ਦੂਰੋਂ-ਦੂਰੋਂ ਇਕੱਠੇ ਹੋ ਕੇ ਆਏ ਅਤੇ ਕਹਿਣ ਲੱਗੇ ਕਿ ਸਾਡਾ ਗੁਰੂ ਮਰ ਗਿਆ ਹੈ। ਸਾਡਾ ਗੁਰੂ ਮਰ ਗਿਆ ਹੈ।

ਜਿਹੜਾ ਵੱਡਾ ਜੈਨੀ ਸੀ, ਉਸ ਨੇ ਖਲੋ ਕੇ ਬੋਲੀ ਦਿੱਤੀ ਕਿ ਨਿਕਲੋ ਕੋਈ ਗੁਰੂ ਦਾ ਲਾਲ, ਜਿਹੜਾ ਪਹਿਲੀ ਗੜਵੀ ਪਾਣੀ ਦੀ ਪਾਵੇਗਾ। ਜਿਹੜਾ ਵੱਧ ਰਕਮ ਦੇਵੇਗਾ, ਉਹ ਹੀ ਪਹਿਲੀ ਗੜਵੀ ਪਾਣੀ ਦੀ ਪਾਏਗਾ। ਇਕ ਸੇਠ ਕਹਿਣ ਲੱਗਾ ਕਿ ਮੈਂ ਲੱਖ ਰੁਪਈਆ ਦੇਵਾਂਗਾ ਆਪਣੇ ਗੁਰੂ ਨੂੰ ਨਹਾਉਣ ਲਈ। ਉਹ ਲੱਖ ਰੁਪਿਆ ਦੇਣ ਵਾਲੇ ਨੇ ਗੁਰੂ ਨੂੰ ਨਵਾਇਆ। ਮੋਏ ਹੋਏ ਦਾ ਇਕ ਲੱਖ ਰੁਪਿਆ ਮੁੱਲ ਪੈ ਗਿਆ। ਜਿਸ ਵੇਲੇ ਮੜ੍ਹੀਆਂ ਵਿਚ ਗਏ ਤਾਂ ਫਿਰ ਲਾਂਮਬੂ ਲਾਉਣ ਵੇਲੇ ਵੱਡਾ ਜੈਨੀ ਕਹਿਣ ਲੱਗਾ ਕਿ ਹੁਣ ਕਿਹੜਾ ਮਾਈ ਦਾ ਲਾਲ ਵੱਧ ਬੋਲੀ ਦੇਵੇਗਾ ? ਜਿਹੜੇ ਸੇਠ ਜੈਨੀ ਨੇ ਵੱਧ ਬੋਲੀ ਦਿੱਤੀ ਸੀ ਉਸ ਨੇ ਦੋ ਲੱਖ ਰੁਪਈਆ ਦਿੱਤਾ ਤੇ ਉਸ ਨੇ ਹੀ ਲਾਂਮਬੂ ਲਾਇਆ। ਮੇਰੇ ਕੋਲੋਂ ਰਿਹਾ ਨਹੀਂ ਗਿਆ। ਮੈਂ ਕਿਹਾ—ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਇਹ ਤੁਹਾਡਾ ਗੁਰੂ ਸਾਕਤ ਹੈ ਜਿਹੜਾ ਦੋ ਵਾਰੀ ਵਿੱਕ ਗਿਆ ਹੈ ਮਰ ਜਾਣ ਤੋਂ ਬਾਅਦ। ਉਹ ਜੈਨੀ ਹੱਸ ਪਏ। ਕਹਿਣ ਲੱਗੇ ਕਿ ਭਾਈ ਸਾਹਿਬ! ਬੜੀ ਦਲੇਰੀ ਕੀਤੀ ਜੇ।

ਇਕ ਹੋਰ ਬੜੀ ਮਜ਼ੇਦਾਰ ਗੱਲ ਹੋਈ। ਜਿਹੜੇ ਜੈਨੀ ਸਾਧੂ ਸਨ, ਉਹਨਾਂ ਸਾਧਾਂ ਨੇ ਦੋ ਚਾਰ ਸੇਵਕ ਫੜ ਲਏ ਅਤੇ ਇਕ ਨੂੰ ਕਿਹਾ ਕਿ ਜਾ ਬਾਸਮਤੀ ਦੇ ਚਾਵਲ ਲਿਆ ਜਿਹੜੇ ਪਾਣੀ ਵਿਚ ਪਾਂਦਿਆਂ ਸਾਰ ਲੰਮੇ ਹੋ ਜਾਣ। ਦੂਜੇ ਨੂੰ ਕਿਹਾ ਕਿ ਦੁੱਧ ਲਿਆ ਜਾ ਕੇ, ਖੀਰ ਬਣਾਈਏ। ਮੇਵਾ ਲਿਆ। ਛੁਹਾਰੇ ਵੀ ਲਿਆ। ਮੈਂ ਕਿਹਾ ਕਿ ਜਿਹੜੇ ਗੁਰੂ ਦੇ ਮਰਦਿਆਂ ਸਾਰ ਖੀਰ ਖਾਣ ਲੱਗੇ ਹਨ, ਇਹਨਾਂ ਦੇ ਅੰਦਰ ਕੋਈ ਰੌਣਕ ਹੈ।

ਗੁਰੂ ਦੇ ਸਿੱਖਾ ! ਬਾਬੇ ਨੇ ਤੈਨੂੰ ਬੜਾ ਉੱਚਾ ਗਿਆਨ ਬਖ਼ਸ਼ਿਆ ਹੈ। ਉੱਚੇ ਗਿਆਨ ਦੀ ਰਮਜ਼ ਕਿੰਨੀ ਸੋਹਣੀ ਹੈ—

ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ॥
ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ॥

(ਅੰਗ ੫੦)

ਗ਼ਰੀਬ ਨਿਵਾਜ ਕਹਿੰਦੇ ਹਨ :-

ਬਾਂਛਤ ਨਾਹੀ ਸੁ ਬੇਲਾ ਆਈ॥

(ਅੰਗ ੩੭੮)

ਭਾਵੇਂ ਅਸੀਂ ਮੰਗਦੇ ਤਾਂ ਨਹੀਂ, ਲੋਚਦੇ ਤਾਂ ਨਹੀਂ, ਪਰ ਮੰਗ ਭਾਵੇਂ ਨਾ ਮੰਗ, ਉਹ ਵੇਲਾ ਆ ਹੀ ਜਾਣਾ ਹੈ। ਉਹ ਵੇਲਾ ਜਿਹੜਾ ਸੰਸਾਰ ਛੱਡਣ ਵਾਲਾ ਵੇਲਾ ਆ ਹੀ ਜਾਣਾ ਹੈ।

ਠੰਢੀ ਤਾਤੀ ਮਿਟੀ ਖਾਈ॥

(ਅੰਗ ੩੭੯)

ਮੇਰੇ ਵਿੱਦਿਆ-ਦਾਤੇ ਨੇ ਇਸ ਦੇ ਅਰਥ ਕੀਤੇ ਹਨ ਕਿ ਜਿਹੜੀ ਬਾਲ ਅਵਸਥਾ ਹੁੰਦੀ ਹੈ, ਉਹ ਠੰਢੀ ਅਵਸਥਾ ਹੈ। ਸ਼ਾਂਤ ਅਵਸਥਾ ਹੈ। ਨਿਰਵੈਰ ਅਵਸਥਾ ਹੈ। ਜਦੋਂ ਜੀਵ ੨੨-੨੪ ਵਰ੍ਹਿਆਂ ਦਾ ਹੋ ਜਾਂਦਾ ਹੈ, ਉਸ ਦਿਨ ਤੱਤੀ ਅਵਸਥਾ ਹੈ। ਜਿਸ ਨੇ ਨਿਰੰਕਾਰ ਕੋਲ ਜਾਣਾ ਹੈ, ਦੋ ਕੁ ਵਰ੍ਹਿਆਂ ਨੂੰ ਮੈਂ ਮਿੱਟੀ ਹਾਂ। ਮੰਜੀ 'ਤੇ ਬੈਠ ਗਿਆ। ਜਦੋਂ ਨੱਬਿਆਂ ਦਾ ਹੋ ਜਾਏ ਤਾਂ ਫਿਰ ਮੰਜੇ 'ਤੇ ਹੀ ਰਹਿੰਦਾ ਹੈ। ਕੋਈ ਪਾਣੀ ਦੇ ਜਾਏ ਜਾਂ ਨਾ ਦੇਵੇ। ਰੋਟੀ ਦੇ ਜਾਏ ਜਾਂ ਨਾ ਦੇਵੇ। ਇਹਨਾਂ ਤਿੰਨਾਂ ਅਵਸਥਾਵਾਂ ਵਿਚ ਇਹ ਕਾਇਆ ਨਸ਼ਟ ਹੋ ਜਾਂਦੀ ਹੈ। ਕਈ ਮੌਤਾਂ ਅਜਿਹੀਆਂ ਹੁੰਦੀਆਂ ਹਨ। ਠੰਢੀ ਦਾ ਮਤਲਬ ਹੈ ਠੰਢਾ। ਪਾਣੀ ਠੰਢਾ ਹੈ। ਉਹ ਦੇਹੀਆਂ ਪਾਣੀ ਵਿਚ ਪਾਈਆਂ ਜਾਂਦੀਆਂ ਹਨ। ਰੁੜ੍ਹ ਜਾਂਦੀਆਂ ਹਨ। ਮਿੱਟੀ ਦਾ ਅਰਥ ਹੈ ਕਬਰ ਵਿਚ ਪਾ ਕੇ ਦੱਬ ਦੇਣਾ। ਇਸੇ ਤਰ੍ਹਾਂ ਕਾਇਆ ਨਸ਼ਟ ਹੋ ਜਾਂਦੀ ਹੈ। ਬਰਬਾਦ ਹੋ ਜਾਂਦੀ ਹੈ। ਇਸ ਨੂੰ ਸਾਂਭਣ ਵਾਲਾ ਸਾਂਭ ਦਿੰਦਾ ਹੈ। ਜਿਨ੍ਹਾਂ ਦਾ ਕੋਈ ਨਾ ਹੋਵੇ, ਉਹ ਫਿਰ ਰੁੜ੍ਹਦੀਆਂ ਰੁੜ੍ਹਦੀਆਂ ਚਲੀਆਂ ਜਾਂਦੀਆਂ ਹਨ।

ਠੰਢੀ ਤਾਤੀ ਮਿਟੀ ਖਾਈ॥
ਓਹੁ ਨ ਬਾਲਾ ਬੂਢਾ ਭਾਈ॥

(ਅੰਗ ੩੭੯)

ਇਹ ਜਿਹੜੀ ਗੱਲ ਹੈ, ਇਹ ਵਾਹਿਗੁਰੂ ਦੇ ਹੁਕਮ ਤੋਂ ਬਿਨਾਂ, ਗੁਰੂ ਦੇ ਉਪਦੇਸ਼ ਤੋਂ ਬਿਨਾਂ ਕੋਈ ਵੀ ਬੁਝ ਨਹੀਂ ਸਕਦਾ। ਕੋਈ ਜਾਣ ਨਹੀਂ ਸਕਦਾ। ਜਿਨ੍ਹਾਂ ਨੂੰ ਗੁਰੂ ਦੇ ਉਪਦੇਸ਼ ਨਾਲ ਪਿਆਰ ਨਹੀਂ, ਉਹ ਇਸ ਬਚਨ ਨੂੰ ਸਮਝ ਨਹੀਂ ਸਕਦੇ। ਜਿਸ ਨੂੰ ਗੁਰੂ ਦੇ ਉਪਦੇਸ਼ ਦੁਆਰਾ, ਨਾਮ ਦੁਆਰਾ, ਗੁਰੂ ਦੀ ਬਾਣੀ ਦੁਆਰਾ ਸਮਝ ਆ ਗਈ, ਉਹ ਇਸ ਅਵਸਥਾ 'ਤੇ ਪਹੁੰਚ ਕੇ ਬੇਫ਼ਿਕਰ ਹੋ ਗਿਆ।

ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥
ਧੰਨੁ ਸੁ ਤੇਰਾ ਥਾਨੁ॥
ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ॥
ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ॥
ਪੇਈਅੜੈ ਸਹੁ ਸੇਵਿ ਤੂੰ

(ਅੰਗ ੫੦)

ਸਿਆਣੀ ਕੁੜੀ ਉਹ ਹੈ ਜਿਹੜੀ ਪੇਕਿਆਂ ਦੇ ਘਰ ਹੀ ਸਹੁਰਿਆਂ ਦੇ ਘਰ ਦਾ ਚੱਜ-ਆਚਾਰ ਸਿੱਖਣ ਲੱਗ ਪਵੇ। ਜਿਹੜੀ ਪੇਕਿਆਂ ਦੇ ਘਰ ਗੁੱਡੀਆਂ ਹੀ ਖੇਡਦੀ ਰਹੇ, ਉਸ ਨੂੰ ਫਿਰ ਸਾਹੁਰੇ ਘਰ ਜਾ ਕੇ ਸੱਸ ਦੀਆਂ ਪਟੋਕੀਆਂ ਖਾਣੀਆਂ ਪੈਂਦੀਆਂ ਹਨ। ਪੇਈਅੜੇ ਦਾ ਮਤਲਬ ਹੈ ਪੇਕਾ। ਪੇਕੇ ਤੋਂ ਮੁਰਾਦ ਹੈ ਮਾਤ ਲੋਕ। ਇਸ ਮਾਤ ਲੋਕ ਦੇ ਅੰਦਰ ਜਿੰਨਾ ਚਿਰ ਤੂੰ ਜੀਉਂਦਾ ਹੈਂ ਉੱਨਾ ਚਿਰ ਤੇਰਾ ਸ਼ਹੁ, ਜਿਹੜਾ ਤੇਰਾ ਪਤੀ ਪ੍ਰਮਾਤਮਾ ਸਤਿਨਾਮ ਸ੍ਰੀ ਵਾਹਿਗੁਰੂ ਹੈ, ਉਸ ਦਾ ਸਿਮਰਨ ਕਰ। ਜੇ ਮਾਤ ਲੋਕ ਵਿਚ ਰਹਿ ਕੇ ਤੂੰ ਪ੍ਰਮਾਤਮਾ ਦਾ ਸਿਮਰਨ ਕਰ ਲਿਆ ਤਾਂ ਸੱਚੀ ਸੇਵਾ ਉਸ ਦੀ ਇਹੀ ਹੈ ਉਸ ਦਾ ਸਿਮਰਨ ਕਰਨਾ। ਫਿਰ ਨਤੀਜਾ ਕੀ ਹੋਵੇਗਾ ?

ਸਾਹੁਰੜੈ ਸੁਖਿ ਵਸੁ॥

(ਅੰਗ ੫੦)

ਸਹੁਰਾ ਲੋਕ ਹੈ। ਪ੍ਰਲੋਕ ਵਿਚ ਤੇਰਾ ਵਸੇਬਾ ਫਿਰ ਸੁੱਖੀ ਹੋ ਜਾਵੇਗਾ। ਪ੍ਰਲੋਕ ਵਿਚ ਤੈਨੂੰ ਜਮਾਂ ਦਾ ਦੁੱਖ ਨਹੀਂ ਮਿਲੇਗਾ। ਤੈਨੂੰ ਨਰਕਾਂ ਵਿਚ ਨਹੀਂ ਜਾਣਾ ਪਏਗਾ। ਪਰੰਤੂ ਸਹੁਰੇ ਘਰ ਦਾ ਚੱਜ-ਆਚਾਰ ਸੁਹਾਗਣਾਂ ਕੋਲੋਂ ਹੀ ਸਿੱਖਿਆ ਜਾਂਦਾ ਹੈ। ਇਹ ਤਾਂ ਕਿਸੇ ਸੁਹਾਗਣ ਕੋਲੋਂ ਹੀ ਪੁੱਛਣਾ ਪੈਣਾ ਹੈ ਕਿ ਸਹੁਰੇ ਘਰ ਦਾ ਕੀ ਚੱਜ ਆਚਾਰ ਹੈ ? ਪ੍ਰਲੋਕ ਦਾ ਕਿਹੜਾ ਚੱਜ-ਆਚਾਰ ਹੈ ? ਇਹ ਤਾਂ ਕਾਮਲ ਗੁਰੂ ਕੋਲੋਂ ਹੀ ਪੁੱਛਣਾ ਪੈਣਾ ਹੈ। ਫਿਰ ਤੈਨੂੰ ਜਮਾਂ ਦਾ ਦੁੱਖ, ਨਰਕਾਂ ਦਾ ਦੁੱਖ, ਜੰਮਣ ਮਰਨ ਦਾ ਦੁੱਖ ਨਹੀਂ ਵਿਆਪੇਗਾ ਜੇਕਰ ਤੂੰ ਗੁਰੂ ਦੀ ਚਰਨ ਸ਼ਰਨ ਜਾ ਕੇ ਪ੍ਰਲੋਕ ਦਾ ਚੱਜ ਆਚਾਰ ਸਿਖ ਲਏਂ।

ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ॥

ਸਾਰੀਆਂ ਕੁੜੀਆਂ ਨੇ ਸਹੁਰੇ ਜਾਣਾ ਹੈ। ਉਹਨਾਂ ਨੇ ਪੇਕਿਆਂ ਦਾ ਘਰ

ਛੱਡਣਾ ਹੀ ਹੁੰਦਾ ਹੈ। ਜਿਤਨੇ ਮਨੁੱਖ ਜੰਮਦੇ ਹਨ ਇਸ ਮਾਤ ਲੋਕ ਵਿਚ, ਉਹਨਾਂ ਨੇ ਇਕ ਦਿਨ ਮਾਤ ਲੋਕ ਛੱਡਣਾ ਹੀ ਹੁੰਦਾ ਹੈ। ਸਹੁਰੇ ਘਰ ਪ੍ਰਲੋਕ ਜਾਣਾ ਹੀ ਹੁੰਦਾ ਹੈ।

ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ॥

(ਅੰਗ ੫੦)

ਹਜ਼ੂਰ ਕਹਿੰਦੇ ਹਨ ਕਿ ਉਹ ਸੁਹਾਗਣਾਂ, ਉਹ ਗੁਰਮੁਖ ਗੁਰੂ ਦੇ ਪਿਆਰੇ ਧੰਨ ਹਨ ਜਿਨ੍ਹਾਂ ਨੇ ਆਪਣੇ ਪ੍ਰਮਾਤਮਾ ਪਤੀ ਨਾਲ ਪਿਆਰ ਕੀਤਾ। ਉਹ ਦੁਨੀਆਂ ਵਿਚ ਨਿਰਲੇਪ ਰਹੇ। ਮੁਖ ਉਜਲਾ ਲੈ ਕੇ ਗਏ। ਐ ਮਨੁੱਖ ! ਤੇਰੀ ਉਮਰ ਐਵੇਂ ਗੁਜ਼ਰਦੀ ਜਾਂਦੀ ਹੈ। ਜਦੋਂ ਤੂੰ ਆਪਣਾ ਪ੍ਰਮਾਤਮਾ ਸਤਿਨਾਮ ਵਾਹਿਗੁਰੂ ਪਾ ਲਿਆ, ਫਿਰ ਤੇਰਾ ਜਨਮ ਸਫਲਾ ਹੋ ਜਾਇਗਾ। ਉਮਰ ਤੇਰੀ ਲੇਖੇ ਪੈ ਜਾਵੇਗੀ। ਜੇ ਪ੍ਰਮਾਤਮਾ ਨਾ ਪਾਇਆ ਤਾਂ ਫਿਰ ਤੇਰੀ ਉਮਰ ਐਵੇਂ ਗੁਜ਼ਰ ਜਾਇਗੀ। ਜਿਨ੍ਹਾਂ ਨੇ ਆਪਣਾ ਪਤੀ ਪਾ ਲਿਆ, ਉਹਨਾਂ ਨੂੰ ਰਾਜੇ ਮਹਾਰਾਜੇ ਮੱਥਾ ਟੇਕਣ ਲੱਗ ਪਏ। ਐ ਜੀਵ ! ਮਾਲਕ ਦੇ ਰਾਹ ਉੱਤੇ ਚੱਲ। ਹੇ ਮਨੁੱਖ ! ਨਿਰੰਕਾਰ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ। ਜਿੱਧਰ ਪ੍ਰਮਾਤਮਾ ਤੁਰਨ ਲਈ ਦੱਸਦਾ ਹੈ, ਉੱਧਰ ਨੂੰ ਤੁਰ।

ਕਦੀ ਕਿਸੇ ਲਿਬਾਸ ਉੱਤੇ ਭਰੋਸਾ ਕਰਕੇ ਉਸ ਨੂੰ ਗੁਰੂ ਨਾ ਮੰਨੋ। ਕਈ ਵਾਰੀ ਚੋਲਾ ਪਹਿਨਣ ਵਾਲੇ, ਹੱਥ ਵਿਚ ਮਾਲਾ ਫੜ ਕੇ ਫੇਰਨ ਵਾਲੇ ਦੇ ਅੰਦਰ ਵੀ ਕਪਟ ਹੁੰਦਾ ਹੈ। ਹੇ ਮਨੁੱਖ ! ਤੂੰ ਇੱਧਰ ਉੱਧਰ ਭਟਕਣ ਦੀ ਥਾਂ ਇਕ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨਾਲ ਹੀ ਜੁੜ। ਆਪਣੇ ਮਨ ਨੂੰ ਧੋ। ਜਿਹੜਾ ਵਾਹਿਗੁਰੂ ਹੈ ਉਸ ਨੇ ਸੁੱਖ ਅਤੇ ਦੁੱਖ ਦਾ ਸੰਯੋਗ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ। ਗੁਰੂ ਦਾ ਸਿੱਖ ਉਹ ਹੈ ਜਿਸ ਨੂੰ ਗੁਰੂ ਦਾ ਭਾਣਾ ਮਿੱਠਾ ਲੱਗੇ। ਗੁਰੂ ਦੇ ਸਿੱਖੋ ! ਸੰਗਤ ਵਿਚ ਬੈਠ ਕੇ ਹਰੀ ਪ੍ਰਮਾਤਮਾ ਦਾ ਕੀਰਤਨ ਕਰਕੇ ਆਪਣੇ ਮਨ ਨੂੰ ਗੁਰਦੇਵ ਦੇ ਚਰਨਾਂ ਨਾਲ ਜੋੜੋ। ਇਹ ਸੁਆਸ ਬਾਰ ਬਾਰ ਨਹੀਂ ਮਿਲਣੇ। ਆਪਣੇ ਸਿਦਕ ਤੋਂ ਕਦੀ ਨਾ ਡੋਲੋ। ਗੁਰੂ ਦੇ ਚਰਨਾਂ ਨਾਲ, ਗੁਰੂ ਦੇ ਸਿਮਰਨ ਨਾਲ ਜੁੜ ਕੇ ਆਪਣੇ ਸਮੇਂ ਨੂੰ ਲੇਖੇ ਵਿਚ ਲਾਉ। ਐਵੇਂ ਦੁਨੀਆਂ ਦੇ ਧੰਧਿਆਂ ਵਿਚ ਲੱਗ ਕੇ ਇੱਧਰ ਉੱਧਰ ਨਾ ਭਟਕਦੇ ਰਹੋ। ਜਿਹੜਾ ਸਮਾਂ ਤੁਸੀਂ ਸੰਗਤ ਵਿਚ ਬੈਠ ਕੇ ਗੁਜ਼ਾਰਦੇ ਹੋ, ਪ੍ਰਮਾਤਮਾ ਦਾ ਨਾਮ

ਸਿਮਰਨ ਜੱਪ ਕੇ ਗੁਜ਼ਾਰਦੇ ਹੋ, ਗੁਰੂ ਦੀ ਸੇਵਾ ਵਿਚ ਗੁਜ਼ਾਰਦੇ ਹੋ, ਇਹ ਹੀ ਤੁਹਾਡਾ ਸਮਾਂ ਸਫਲ ਹੈ। ਵਾਹਿਗੁਰੂ ਰਹਿਮਤ ਕਰਨ। ਸਾਨੂੰ ਸਾਰਿਆਂ ਨੂੰ ਨਿਤਨੇਮ ਦੀ ਦਾਤ ਬਖ਼ਸ਼ਣ। ਜਿਨ੍ਹਾਂ ਨੇ ਅੰਮ੍ਰਿਤ ਧਾਰਨ ਨਹੀਂ ਕੀਤਾ, ਉਹ ਅੰਮ੍ਰਿਤ ਧਾਰਨ ਕਰੋ। ਸਾਧ ਸੰਗਤ ! ਮੇਰੇ ਕੋਲੋਂ ਅਨੰਤ ਭੁੱਲਾਂ ਹੋਈਆਂ ਹੋਣਗੀਆਂ, ਉਹ ਮੇਰੀਆਂ ਜਾਣ ਕੇ ਮੈਨੂੰ ਮਾਫ਼ ਕਰ ਦੇਣੀਆਂ। ਬਚਨ ਸਤਿਗੁਰੂ ਦਾ ਜਾਣ ਕੇ ਅੰਦਰ ਵਸਾਉਣਾ ਤਾਂਕਿ ਅਸੀਂ ਅੰਤਲੇ ਸਮੇਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਮੁਖ ਉੱਜਲਾ ਲੈ ਕੇ ਜਾ ਸਕੀਏ। ਸਤਿਗੁਰੂ ਰਹਿਮਤ ਕਰਨ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਬੰਦਨਾ ਹਰਿ ਬੰਦਨਾ

ਗੁਰੂ ਦੀ ਪਰਮ ਸਤਿਕਾਰ ਯੋਗ ਸਾਜੀ ਨਿਵਾਜੀ ਗੁਰੂ ਦਾ ਸਰੂਪ ਸਾਧ ਸੰਗਤ ਜੀ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ॥

(ਅੰਗ ੬੮੩)

ਬੰਦਨਾ ਭਾਵ ਮੱਥਾ ਟੇਕਣਾ। ਨਮਸਕਾਰ ਕਰਨ, ਮੱਥਾ ਟੇਕਣ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਵਾਰੀ ਆਇਆ ਹੈ। ਮੁਸਲਮਾਨ ਪੰਜ ਵਾਰੀ ਦਿਹਾੜੀ ਵਿਚ ਨਮਾਜ਼ ਪੜ੍ਹਦਾ ਹੈ ਅਤੇ ਬੜੇ ਸਿਜਦੇ ਕਰਦਾ ਹੈ। ਜਦੋਂ ਮੁਸਲਮਾਨ ਨਮਾਜ਼ ਪੜ੍ਹਦਾ ਪੜ੍ਹਦਾ ਮੱਥਾ ਜ਼ਮੀਨ 'ਤੇ ਲਾਉਂਦਾ ਹੈ ਤਾਂ ਉਸ ਨੂੰ ਸਿਜਦਾ ਕਰਨਾ ਕਹਿੰਦੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਬਾਤ ਹੋਈ ਦੁਨੀਆਂ ਦੇ ਤਖ਼ਤੇ ਉੱਤੇ, ਜਿਨ੍ਹਾਂ ਨੇ ਪ੍ਰਮਾਤਮਾ ਦੀ ਭਗਤੀ ਬੀਰ ਰੱਸ ਵਿਚ ਲਿਖੀ। ਜਿੰਨੀਆਂ ਵੀ ਈਸ਼ਵਰ-ਭਗਤੀ ਦੀਆਂ ਪੁਸਤਕਾਂ ਹਨ, ਸਾਰਿਆਂ ਦਾ ਰੱਸ ਸ਼ਾਂਤ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ ਜਿਸ ਵਿਚ ਭਗਤੀ ਪ੍ਰਮਾਤਮਾ ਦੀ ਹੈ ਪਰ ਰੱਸ ਉਸ ਦਾ ਬੀਰ ਹੈ। ਸ੍ਰੀ ਜਾਪੁ ਸਾਹਿਬ ਤੁਸੀਂ ਪੜ੍ਹਦੇ ਜਾਉ, ਤੁਹਾਡੇ ਅੰਦਰ ਬਦੋ-ਬਦੀ ਇਕ ਜੋਸ਼, ਬਦੋ-ਬਦੀ ਇਕ ਤਾਕਤ ਆਉਂਦੀ ਜਾਏਗੀ। ਜਿਸ ਵੇਲੇ ਅਸੀਂ ਗ਼ਰੀਬ ਨਿਵਾਜ ਦੀ ਬਾਣੀ ਪੜ੍ਹਦਿਆਂ ਪੜ੍ਹਦਿਆਂ ਅਗਾਂਹ ਤੁਰੇ ਜਾਈਏ ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਜਿਨ੍ਹਾਂ ਦਾ ਮੈਂ ਜ਼ਿਕਰ ਕਰ ਰਿਹਾ ਸੀ, ਪ੍ਰਮਾਤਮਾ ਦੀ ਭਗਤੀ ਨੂੰ ਬੀਰ-ਰੱਸ ਵਿਚ ਲਿਖਣ ਵਾਲੇ, ਖ਼ਾਲਸੇ ਨੂੰ ਅਕਾਲ ਦੇ ਲੜ ਲਾਉਣ ਵਾਲੇ ਆਪ ਆਪਣੀ ਜ਼ਬਾਨ ਤੋਂ ਫ਼ੁਰਮਾ ਰਹੇ ਹਨ :-

ਸਿਜਦੇ ਕੀਏ ਅਨੇਕ॥

ਮੱਥੇ ਬੜੇ ਟੇਕੇ, ਅਰਦਾਸਾਂ ਬੜੀਆਂ ਕੀਤੀਆਂ। ਮੈਨੂੰ ਇਕ ਮੁਸਲਮਾਨ ਦਾ ਬਚਨ ਚੇਤੇ ਆ ਗਿਆ। ਕਹਿੰਦਾ ਹੈ :-

ਖ਼ੁਦਾ ਕਬੂਲ ਫ਼ੁਰਮਾਤਾ ਹੈ ਦੁਆ ਜਬ ਦਿਲ ਸੇ ਹੋਤੀ ਹੈ।
ਮੁਸ਼ਕਲਿ ਤੋ ਯਿਹ ਹੈ ਕਿ ਬੜੀ ਮੁਸ਼ਕਿਲ ਸੇ ਹੋਤੀ ਹੈ।

ਅਰਦਾਸ ਹੁੰਦੀ ਬੜੀ ਮੁਸ਼ਕਿਲ ਹੈ। ਅਰਦਾਸ ਵਿਚ ਅਰਦਾਸ ਦਾ ਰੂਪ ਬਣ ਜਾਣਾ ਇਹ ਤਾਂ ਕਿਤੇ ਭਾਈ ਮਤੀ ਦਾਸ ਜੀ ਨੂੰ ਹੀ ਆਉਂਦਾ ਹੋਵੇਗਾ। ਭਾਈ ਸਾਹਿਬ ਭਾਈ ਦਇਆਲੇ ਨੂੰ ਹੀ ਆਉਂਦਾ ਹੋਵੇਗਾ। ਇਹ ਤਾਂ ਭਾਈ ਮਨੀ ਸਿੰਘ ਜੀ ਨੂੰ ਹੀ ਆਉਂਦਾ ਹੋਵੇਗਾ।

ਜਦੋਂ ੧੭ ਨੰਬਰ ਰਸਾਲਾ ਨਹੀਂ ਆਇਆ ਤਾਂ ਮਹਾਰਾਜੇ ਨੇ ਹੁਕਮ ਕਰ ਦਿੱਤਾ ਕਿ ਸਵੇਰੇ ਚੜ੍ਹਾਈ ਨਹੀਂ ਹੋਵੇਗੀ। ਅਕਾਲੀ ਜੀ ਨੇ ਪੁੱਛਿਆ— ਮਹਾਰਾਜ ! ਅਰਦਾਸ ਕੀਤੀ ਹੋਈ ਹੈ। ਮਹਾਰਾਜਾ ਰਣਜੀਤ ਸਿੰਘ ਨੂੰ ਕਿਹਾ—"ਮਹਾਰਾਜ ! ਸੰਸਾਰ ਦੀਆਂ ਰਸਮਾਂ ਪੂਰੀਆਂ ਹੋ ਗਈਆਂ ਹਨ। ਘੋੜੇ ਉੱਤੇ ਚੜ੍ਹ ਕੇ ਨੰਗੀ ਤਲਵਾਰ ਕਰਕੇ ਮੈਂ ਸਿੱਖਾਂ ਨੂੰ ਵੰਗਾਰਿਆ ਹੈ ਕਿ ਜਿਨ੍ਹਾਂ ਨੇ ਜਾਨ ਦੀ ਬਾਜ਼ੀ ਲਾਉਣੀ ਹੈ, ਉਹ ਮੇਰੀ ਤਲਵਾਰ ਨੂੰ ਚੁੰਮ ਕੇ ਇਸ ਲਕੀਰੋਂ ਇਸ ਪਾਸੇ ਹੋ ਜਾਉ।" ਮਹਾਰਾਜਾ ਕਹਿਣ ਲੱਗਾ ਕਿ ਚੰਗਾ ਇਕ ਲੜਾਕੂ ਰਸਾਲਾ ਹੈ ਜੋ ੧੭ ਨੰਬਰ ਹੈ, ਉਹ ਅਜੇ ਤੱਕ ਨਹੀਂ ਆਇਆ। ਜਿੰਨਾ ਚਿਰ ਉਹ ਨਾ ਆਵੇ, ਚੜ੍ਹਾਈ ਨਹੀਂ ਹੋਵੇਗੀ। ਅਕਾਲੀ ਜੀ ਮਹਾਰਾਜੇ ਨੂੰ ਜਾ ਕੇ ਕਹਿਣ ਲੱਗੇ—ਰਣਜੀਤ ਸਿੰਘਾ ! ਤੈਨੂੰ ਮਾਣ ਹੋਵੇਗਾ ਆਪਣੇ ਰਸਾਲਿਆਂ 'ਤੇ, ਤੈਨੂੰ ਮਾਣ ਹੋਵੇਗਾ ਆਪਣੇ ਤੋਖ਼ਖ਼ਾਨਿਆਂ 'ਤੇ, ਤੈਨੂੰ ਮਾਣ ਹੋਵੇਗਾ ਆਪਣੀ ਫ਼ੌਜ 'ਤੇ, ਪਰੰਤੂ ਅਕਾਲੀ ਫੂਲਾ ਸਿੰਘ ਨੂੰ ਮਾਣ ਹੈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਕੀਤੀ ਹੋਈ ਅਰਦਾਸ ਉੱਤੇ। ਮੈਂ ਹਮਲਾ ਜ਼ਰੂਰ ਕਰਾਂਗਾ। ਵਾਹਿਗੁਰੂ ਫ਼ਤਹਿ ਬਖ਼ਸ਼ੇਗਾ।

ਜਿਨ੍ਹਾਂ ਨੂੰ ਅਰਦਾਸ ਕਰਨੀ ਆ ਗਈ ਹੈ, ਉਹਨਾਂ ਦੇ ਬੇੜੇ ਪਾਰ ਹੋਣਗੇ। ਗ਼ਰੀਬ ਨਿਵਾਜ ਕਹਿੰਦੇ ਹਨ :-

ਸਿਜਦੇ ਕੀਏ ਅਨੇਕ ਤੋਪਚੀ।

ਜਿਹੜਾ ਤੋਪ ਚਲਾਉਣ ਵਾਲਾ ਹੈ ਉਸ ਨੂੰ ਕਦੀ ਤੋਪ ਚਲਾਉਂਦਿਆਂ ਦੇਖਿਉ, ਉਹ ਬੜੇ ਸਿਜਦੇ ਕਰਦਾ ਹੈ। ਜੇ ਤੋਪ ਦਾ ਮੂੰਹ ਉਤਾਂਹ ਕਰਨਾ ਹੋਵੇ ਤਾਂ ਆਪ ਥੱਲੇ ਹੋ ਜਾਂਦਾ ਹੈ। ਜੇ ਤੋਪ ਦਾ ਮੂੰਹ ਥੱਲੇ ਕਰਨਾ ਹੁੰਦਾ ਹੈ ਤਾਂ ਆਪ ਉਤਾਂਹ ਹੋ ਜਾਂਦਾ ਹੈ। ਜੇ ਤੋਪ ਦਾ ਮੂੰਹ ਖੱਬੇ ਪਾਸੇ ਕਰਨਾ ਹੋਵੇ ਤਾਂ ਆਪ ਸੱਜੇ ਪਾਸੇ ਹੋ ਜਾਂਦਾ ਹੈ। ਜੇ ਤੋਪ ਦਾ ਮੂੰਹ ਸੱਜੇ ਪਾਸੇ ਕਰਨਾ ਹੋਵੇ ਤਾਂ ਆਪ ਖੱਬੇ ਪਾਸੇ ਹੋ ਜਾਂਦਾ ਹੈ। ਬੜੇ ਸਿਜਦੇ ਕਰਦਾ ਹੈ, ਬੜੇ ਮੱਥੇ ਟੇਕਦਾ ਹੈ, ਪਰ ਅੰਦਰ ਉਸ ਦੇ ਕਪਟ ਹੈ। ਜਿਹੜਾ ਮੇਰੀ ਤੋਪ ਦੇ ਅੱਗੇ ਆ ਗਿਆ, ਰਹਿਣ ਕੱਖ ਨਹੀਂ ਦੇਣਾ। ਤਬਾਹ ਕਰ ਦੇਵਾਂਗਾ।

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥

(ਅੰਗ ੧੩੮੧)

ਮਨ ਵਿਚ ਜੋ ਉਚਾਈ ਤੇ ਨੀਵਾਣ, ਫਰੇਬ, ਦਗ਼ਾ, ਕਪਟ, ਹੇਰਾ-ਫੇਰੀਆਂ ਹਨ, ਇਕ ਦੱਮ ਦੂਰ ਕਰ ਦੇ। ਡੰਡੇ ਵਾਂਗ ਇਕ ਦੱਮ ਸਿੱਧਾ ਹੋ ਜਾ। ਮੱਥਾ ਟੇਕ, ਇਹ ਹੁਕਮ ਹੈ ਸਾਹਿਬਾਂ ਦਾ।

ਬੰਦਨਾ ਹਰਿ ਬੰਦਨਾ

ਬੰਦਨਾ ਕਰ ਕੇਵਲ ਸਤਿਨਾਮ ਵਾਹਿਗੁਰੂ ਅੱਗੇ। ਬੰਦਨਾ ਕਰ ਕੇਵਲ ਨਿਰੰਕਾਰ ਨੂੰ। ਹੋਰ ਕਿਸੇ ਅੱਗੇ ਸਿਰ ਨਾ ਝੁਕਾਵੀਂ।

ਇਕ ਸ਼ਰਧਾ ਦਾ ਪੁਤਲਾ ਦਰਬਾਰ ਦੇ ਅੰਦਰ ਆ ਗਿਆ। ਧਿਆਨ ਮਾਰਿਆ ਅੰਦਰ। ਬੜਾ ਉੱਚਾ ਕੱਦ ਹੈ। ਚੌੜੀ ਜਿਹੀ ਛਾਤੀ ਹੈ। ਚਿਹਰੇ ਉੱਤੇ ਬੜਾ ਜਲਾਲ ਹੈ। ਲੋਕ ਅੱਗੇ ਪਿੱਛੇ ਹੱਥ ਜੋੜ ਕੇ ਖਲੋਤੇ ਹੋਏ ਹਨ। ਅਗਾਂਹ ਵੱਧਿਆ। ਪੈਸੇ ਦੋ ਰੱਖੇ ਤੇ ਮੱਥਾ ਟੇਕਿਆ। ਸ਼ਰਧਾ ਨਾਲ ਮੱਥਾ ਟੇਕਿਆ। ਜਦੋਂ ਸਿਰ ਚੁੱਕਿਆ ਤਾਂ ਤਖ਼ਤ ਉੱਤੇ ਬੈਠੇ ਹੋਏ ਨੇ ਪੁੱਛਿਆ—ਮੱਥਾ ਟੇਕਣ ਵਾਲਿਆ ! ਤੈਨੂੰ ਕੀ ਚਾਹੀਦਾ ਹੈ ? ਮਹਾਰਾਜ ! ਆਪ ਅੰਤਰਜਾਮੀ ਹੋ, ਦਿਲ ਦੀਆਂ ਬੁੱਝਣ ਵਾਲੇ ਹੋ। ਮੇਰੇ ਕੋਲੋਂ ਪੁੱਛਦੇ ਹੋ ਕਿ ਕੀ ਚਾਹੀਦਾ ਹੈ? ਮਹਾਰਾਜ! ਮੈਂ ਇਸ ਕਰਕੇ ਤੁਹਾਡੀ ਚਰਨ ਸ਼ਰਨ ਆਇਆ ਹਾਂ ਕਿ ਮੈਨੂੰ ਨਦਰੀ ਨਦਰ ਨਿਹਾਲ ਕਰ ਦਿਉ। ਤਖ਼ਤ ਉੱਤੇ ਬੈਠੇ ਹੋਏ ਨੇ ਕਿਹਾ ਕਿ ਮੈਂ ਤਾਂ ਤੈਨੂੰ ਮੋਹਰਾਂ ਦੀਆਂ ਦੋ ਥੈਲੀਆਂ ਹੀ ਦੇ ਸਕਦਾ ਹਾਂ। ਪਤਾ ਨਹੀਂ ਉਹਨਾਂ

ਥੈਲੀਆਂ ਵਿਚ ਕਿੰਨੀ ਗਿਣਤੀ ਹੋਵੇ ਜਾਂ ਕਿੰਨਾ ਕੁ ਉਹਨਾਂ ਦਾ ਵਜ਼ਨ ਹੋਵੇ ਪਰੰਤੂ ਹੋਣਗੀਆਂ ਸੋਨੇ ਦੀਆਂ। ਹੱਥ ਜੋੜੇ ਸ਼ਰਧਾਲੂ ਨੇ ਅਤੇ ਕਿਹਾ—

ਗ਼ਰੀਬ ਨਿਵਾਜ ! ਮੈਨੂੰ ਮੋਹ ਮਾਇਆ ਦੇ ਜਾਲ ਵਿਚ ਨਾ ਫਸਾਉ। ਮੈਨੂੰ ਮਾਇਆ ਦੇ ਖੂਹ ਵਿਚ ਧੱਕਾ ਨਾ ਦਿਉ। ਮੈਂ ਇਸ ਦੇ ਵਿਚੋਂ ਨਿਕਲਣਾ ਚਾਹੁੰਦਾ ਹਾਂ। ਮਹਾਰਾਜ ! ਮੈਨੂੰ ਮਾਇਆ ਦੀਆਂ ਥੈਲੀਆਂ ਦੀ ਲੋੜ ਨਹੀਂ। ਜ਼ਰੂਰਤ ਹੈ ਕਿ ਮੈਨੂੰ ਨਦਰੀ ਨਦਰ ਨਿਹਾਲ ਕਰ ਦਿਉ।

ਤਖ਼ਤ ਉੱਤੇ ਬੈਠੇ ਹੋਏ ਨੇ ਦੂਜੀ ਵਾਰੀ ਫਿਰ ਕਿਹਾ ਕਿ ਦੱਸ ਬਾਰਾਂ ਪਿੰਡ ਦੇ ਦਿੰਦੇ ਹਾਂ। ਜ਼ਿਮੀਦਾਰਾ ਕਰ, ਖੇਤੀਬਾੜੀ ਕਰ। ਲੋਕ ਤੈਨੂੰ ਚੌਧਰੀ ਚੌਧਰੀ ਕਹਿਣਗੇ। ਮਹਾਰਾਜ ! ਮੈਨੂੰ ਸੰਸਾਰ ਦੀ, ਪ੍ਰਭੁਤਾ ਦੀ ਲੋੜ ਨਹੀਂ। ਮੈਨੂੰ ਤਾਂ ਕੇਵਲ ਨਦਰੀ ਨਦਰ ਨਿਹਾਲ ਕਰ ਦਿਉ। ਤੀਜੀ ਵਾਰੀ ਇਹੋ ਸ਼ਬਦ ਨਿਕਲਿਆ ਤਾਂ ਹਿੰਦੁਸਤਾਨ ਦੇ ਮਾਲਕ ਦਾ ਸਿਰ ਝੁਕ ਗਿਆ। ਕਹਿਣ ਲੱਗਾ—ਪਿਆਰਿਆ ! ਤੂੰ ਧੋਖੇ ਨਾਲ, ਭੁਲੇਖੇ ਨਾਲ ਇਸ ਤੰਬੂ ਵਿਚ ਆ ਗਿਆ ਹੈਂ। ਮੈਂ ਦੱਸ ਬਾਰ੍ਹਾਂ ਪਿੰਡਾਂ ਦੀ ਬਜਾਏ ਪੰਦਰਾਂ ਵੀਹ ਦੇ ਸਕਦਾ ਹਾਂ, ਪਰ ਜੇ ਨਦਰੀ ਨਦਰ ਨਿਹਾਲ ਹੋਣਾ ਹੈ ਤਾਂ ਉਸ ਦਾ ਤੰਬੂ ਮੇਰੇ ਲਾਗੇ ਹੈ।

ਜਿਸ ਵੇਲੇ ਉਸ ਸਿੱਖ ਨੂੰ ਪਤਾ ਲੱਗਾ ਕਿ ਇਹ ਤਾਂ ਜਹਾਂਗੀਰ ਦਾ ਤੰਬੂ ਹੈ, ਇਹ ਗੁਰੂ ਹਰਿਗੋਬਿੰਦ ਸਾਹਿਬ ਨਹੀਂ ਤਾਂ ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨ ਕਮਲਾਂ ਵਿਚ ਹਾਜ਼ਿਰ ਹੋ ਕੇ ਰੋ ਪਿਆ। ਗ਼ਰੀਬ ਨਿਵਾਜ ! ਇਹ ਸਿਰ ਤੁਹਾਡੀ ਅਮਾਨਤ ਸੀ ਮੇਰੇ ਕੋਲ। ਇਹ ਸਿਰ ਤੁਹਾਡੇ ਚਰਨਾਂ ਤੋਂ ਬਿਨਾਂ ਹੋਰ ਕਿਤੇ ਵੀ ਨਹੀਂ ਝੁੱਕ ਸਕਦਾ। ਇਹ ਸਿਰ ਤੁਹਾਡੀ ਚਰਨ-ਛੋਹ ਪ੍ਰਾਪਤ ਕਰਨ ਲਈ ਮੈਨੂੰ ਅਮਾਨਤ ਮਿਲਿਆ ਹੈ, ਪਰੰਤੂ ਅੱਜ ਭੁਲੇਖੇ ਨਾਲ ਇਕ ਮਾਇਆਧਾਰੀ ਦੇ ਅੱਗੇ ਮੇਰਾ ਸਿਰ ਝੁੱਕ ਗਿਆ ਹੈ। ਮੈਂ ਪਾਪ ਕਰ ਬੈਠਾ ਹਾਂ। ਗ਼ਰੀਬ ਨਿਵਾਜ ! ਮੈਨੂੰ ਮਾਫ਼ ਕਰ ਦਿਉ। ਹੁਣ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ, ਮੈਨੂੰ ਨਦਰੀ ਨਦਰ ਨਿਹਾਲ ਕਰ ਦਿਉ।

ਕਰ ਬੰਦਨਾ, ਕਰ ਨਮਸਕਾਰ। ਜਿਹੜਾ ਤਮਾਮ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ ਸਤਿਨਾਮ ਵਾਹਿਗੁਰੂ ਹੈ, ਉਸ ਦੇ ਗੁਣ ਗਾ। ਉਸ ਦੀਆਂ ਵਡਿਆਈਆਂ ਗਾ। ਜੇ ਤੂੰ ਰਹਰਾਸਿ ਸਾਹਿਬ ਦਾ ਰੋਜ਼ ਪਾਠ ਕਰਦਾ ਹੈਂ ਤਾਂ

ਤੇਰੀ ਰਸਨਾ ਗਾਉਂਦੀ ਹੋਵੇਗੀ। ਵਾਹਿਗੁਰੂ ਵਿਚ ਬੜੇ ਗੁਣ ਹਨ।

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥

(ਅੰਗ ੭੩੫)

ਬਾਣੀ ਕਹਿੰਦੀ ਹੈ :-

ਤੇਰੇ ਗੁਣ ਬਹੁਤੇ ਮੈ ਏਕੁ ਨ ਜਾਤਾ॥

(ਅੰਗ ੧੦੪੯)

ਬਾਣੀ ਇਹ ਕਹਿੰਦੀ ਹੈ :-

ਰਸਨਾ ਗੁਣ ਗੋਪਾਲ ਨਿਧਿ ਗਾਇਣ॥
ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥

(ਅੰਗ ੭੧੩)

ਸਵੱਯੇ ਦਾ ਪਾਠ ਕਰਦਿਆਂ ਕਰਦਿਆਂ ਕਈ ਵਾਰੀ ਇਹ ਅੱਖਰ ਪੜ੍ਹੇ ਸੁਣੇ :-

ਰਹਸ ਕੀਉ ਸੁਰ ਦੇਵ ਕਉ ਇਹ ਜਗ ਜਹ ਜਹ ਜੰਪੈ॥

ਸੰਸਕ੍ਰਿਤ ਦਾ ਸ਼ੁੱਧ ਸ਼ਬਦ ਹੈ ਰਹਿਸਏ :-

ਰਸਨਾ ਗੁਣ ਗੋਪਾਲ ਨਿਧਿ ਗਾਇਣ॥
ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥

(ਅੰਗ ੭੧੩)

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥

(ਅੰਗ ੭੩੫)

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥

(ਅੰਗ ੧੦੩)

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ॥

(ਅੰਗ ੬੧੩)

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ॥

(ਅੰਗ ੬੪੦)

ਸਰਕਾਰ ਕਹਿ ਰਹੇ ਹਨ—ਹੇ ਮੇਰੇ ਵਾਹਿਗੁਰੂ ! ਤੇਰੇ ਤੋਂ ਵੱਡਾ ਕੋਈ ਗੁਣ ਹੈ ਤਾਂ ਉਹ ਇਹ ਹੈ :-

ਗੁਣੁ ਏਹੋ ਹੋਰੁ ਨਾਹੀ ਕੋਇ॥

ਤੇਰੇ ਵਰਗਾ ਹੋਰ ਕੋਈ ਨਹੀਂ। ਤੇਰੇ ਸਮਾਨ ਹੋਰ ਕੋਈ ਨਹੀਂ।

ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥

(ਅੰਗ ੩੪੯)

ਤੇਰੇ ਵਰਗਾ ਹੋਰ ਕੋਈ ਵੀ ਨਹੀਂ ਹੋਇਆ। ਇਸ ਸਮੇਂ ਤੇਰੇ ਵਰਗਾ ਕੋਈ ਵੀ ਨਹੀਂ। ਨਾ ਹੀ ਅੱਗੇ ਤੇਰੇ ਵਰਗਾ ਕਿਸੇ ਨੇ ਹੋਣਾ ਹੈ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ :-

ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ

(ਅੰਗ ੫੪੯)

ਜੇਕਰ ਕੋਈ ਹੋਰ ਤੇਰੇ ਵਰਗਾ, ਤੇਰੇ ਸਮਾਨ ਕੋਈ ਦੂਜਾ ਹੋਵੇ ਤਾਂ ਫਿਰ ਕਹਿ ਸਕੀਏ—

ਤੁਧੁ ਜੇਵਡੁ ਤੂਹੈ ਹੋਈ॥

(ਅੰਗ ੫੪੯)

ਹੇ ਮੇਰੇ ਵਾਹਿਗੁਰੂ ! ਤੂੰ ਆਪਣੇ ਵਰਗਾ ਆਪ ਹੀ ਵੱਡਾ ਹੈਂ। ਹੇ ਮੇਰੇ ਵਾਹਿਗੁਰੂ :-

ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥

(ਅੰਗ ੮੫੮)

ਤੇਰਾ ਪ੍ਰਮਾਣ, ਤੇਰਾ ਦ੍ਰਿਸ਼ਟਾਂਤ ਕਿਸ ਨਾਲ ਦੇਈਏ ? ਜਿਹੋ ਜਿਹਾ ਤੂੰ ਆਪ ਹੈਂ, ਉਹੋ ਜਿਹਾ ਤੂੰ ਆਪ ਹੀ ਹੈਂ। ਤੇਰੇ ਵਰਗਾ ਹੋਰ ਕੋਈ ਨਹੀਂ। ਜਿਸ ਦੇ ਵਰਗਾ ਹੋਰ ਕੋਈ ਨਹੀਂ, ਉਸ ਵਾਹਿਗੁਰੂ ਦੇ ਗੁਣ ਇਸ ਰਸਨਾ ਨਾਲ ਗਾਉ। ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ—

ਗੋਪਾਲ ਕੋ ਜਸੁ ਗਾਉ ਪ੍ਰਾਣੀ॥

(ਅੰਗ ੮੯੭)

ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਮੁਖੋ ! ਤੁਸੀਂ ਕਈ ਵਾਰੀ ਇਹ ਪੜ੍ਹਿਆ ਸੁਣਿਆ ਹੋਵੇਗਾ ਕਿ :-

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥

(ਅੰਗ ੨੦੭)

ਤੂੰ ਇਕ ਹੈਂ। ਗ਼ਰੀਬ ਨਿਵਾਜ਼ ਕਹਿੰਦੇ ਹਨ—ਸਿੱਖਾ ! ਤੇਰੀ ਸੇਜਾ ਬੜੀ ਸੁੰਦਰ ਹੋਵੇ। ਸੁੱਖ ਵੀ ਤੇਰੇ ਗਿਣਤੀ ਦੇ ਨਾ ਹੋਣ। ਜਿੱਥੇ ਗਿਣਤੀ ਦੇ ਸੁੱਖ ਹਨ, ਉਥੇ ਘਾਟਾ ਹੀ ਘਾਟਾ ਹੈ। ਸਾਹਿਬ ਕਹਿੰਦੇ ਹਨ—ਤੇਰੇ ਸੁੱਖ ਵੀ ਅਨੇਕ ਹੋਣ। ਵਾਹਿਗੁਰੂ ਕ੍ਰਿਪਾ ਕਰੇ, ਜੇਕਰ ਪੁੱਤਰ ਦੀ ਦਾਤ ਬਖ਼ਸ਼ੇ ਤਾਂ ਪੁੱਤਰ ਆਗਿਆਕਾਰੀ ਹੋਵੇ। ਜੋ ਪਿਉ ਕਹੇ, ਪੁੱਤਰ ਸਿਰ ਨੀਵਾਂ ਕਰਕੇ ਉਸ ਨੂੰ ਮੰਨ ਲਵੇ। ਇਹੋ ਜਿਹਾ ਪੁੱਤਰ ਜਿਸ ਨੂੰ ਮਿਲ ਜਾਏ, ਉਹ ਪਿਉ ਭਾਗਾਂ ਵਾਲਾ ਹੈ। ਉਸ ਦਾ ਕਿਸਮਤ ਦਾ ਸਿਤਾਰਾ ਚਮਕਦਾ ਸਮਝੋ ਜਿਸ ਨੂੰ ਆਗਿਆਕਾਰੀ ਪੁੱਤਰ ਮਿਲ ਜਾਏ। ਮੈਂ ਪਿਉ, ਪੁੱਤਰ ਲੜਦੇ ਦੇਖੇ ਹਨ। ਮੈਂ ਪਿਉ ਪੁੱਤਰ ਆਪਸ ਵਿਚ ਕਾਤਲ ਦੇਖੇ ਹਨ। ਅਗਿਆਕਾਰੀ ਪੁੱਤਰ ਮਿਲ ਜਾਣਾ ਇਹ ਬੜੀ ਵੱਡੀ ਦਾਤ ਹੈ।

ਇਕ ਛੋਟੀ ਜਿਹੀ ਪੁਸਤਕ ਹੈ। ਮੈਂ ਉਸ ਨੂੰ ਪੜ੍ਹਿਆ। ਉਸ ਦੇ ਵਿਚ ਇਕ ਬਚਨ ਆਇਆ ਖੋਤੇ ਦੇ ਪੁੱਤਰ ਦੇ ਲੱਛਣ। ਕਿਸੇ ਮਹਾਂਪੁਰਸ਼ ਨੇ ਪਤਾ ਨਹੀਂ ਕਿਸ ਤਰ੍ਹਾਂ ਇਹ ਅੱਖਰ ਗੰਢ ਦਿੱਤੇ ਹਨ। ਕਹਿੰਦੇ ਹਨ ਕਿ ਖੋਤੇ ਦੇ ਪੁੱਤਰ ਦਾ ਪਹਿਲਾ ਲੱਛਣ ਇਹ ਹੈ ਕਿ ਜਿਹੜੇ ਪਰਾਏ ਹੋਣ, ਉਹਨਾਂ ਨਾਲ ਪਿਆਰ ਅਤੇ ਜਿਹੜਾ ਆਪਣਾ ਖ਼ੂਨ ਹੈ, ਆਪਣਾ ਖ਼ਾਨਦਾਨ ਹੈ, ਉਹਨਾਂ ਦੇ ਨਾਲ ਵੈਰ। ਉਹਨਾਂ ਦਾ ਹੀ ਲਹੂ ਪੀਣਾ ਚਾਹੁੰਦਾ ਹੈ। ਕਹਿੰਦਾ ਹੈ ਕਿ ਉੱਨਾ ਚਿਰ ਰੱਜ ਕੇ ਰੋਟੀ ਨਹੀਂ ਖਾਣ ਦੇਣੀ ਜਿੰਨਾ ਚਿਰ ਆਪਣੇ ਬਾਪ ਦਾਦੇ ਦੇ ਖ਼ਾਨਦਾਨ ਦਾ ਸਫਾਇਆ ਨਹੀਂ ਕਰ ਦੇਣਾ। ਖੋਤੇ ਦੇ ਪੁੱਤਰ ਦਾ ਤੀਸਰਾ ਲੱਛਣ ਇਹ ਹੈ ਕਿ ਦੁਸ਼ਟਾਂ ਦੇ ਗੁਣ ਗਾਉਣੇ। ਕਾਮੀ ਪੁਰਸ਼ਾਂ ਦੇ ਗੁਣ ਗਾਉਣੇ। ਚੌਥੀ ਨਿਸ਼ਾਨੀ ਇਹ ਹੈ ਖੋਤੇ ਦੇ ਪੁੱਤਰ ਦੀ ਕਿ ਆਪਣੇ ਗੁਰੂ ਦੀ ਨਿੰਦਿਆ ਕਰਨੀ। ਉਸ ਦੇ ਵਿਚੋਂ ਔਗੁਣ ਲੱਭਣੇ। ਉਸ ਉੱਪਰ ਚਿੱਕੜ ਸੁੱਟਣਾ। ਉਸ ਉੱਪਰ ਨੁਕਤਾਚੀਨੀ ਕਰਨੀ। ਫਿਰ ਖਿੜਖਿੜਾ ਕੇ ਹੱਸਣਾ ਕਿ ਮੈਂ ਗੁਰੂ ਵਿਚ ਹੀ ਗ਼ਲਤੀ ਲੱਭ ਲਈ ਹੈ।

ਆਪਣੇ ਬੱਚੇ ਨੂੰ ਤਾਂ ਬਾਂਦਰੀ ਵੀ ਬੜਾ ਪਿਆਰ ਕਰਦੀ ਹੈ। ਪਰੰਤੂ ਜੇਕਰ ਬਾਂਦਰੀ ਦਾ ਬੱਚਾ ਮਰ ਜਾਏ ਤਾਂ ਜਿੰਨਾ ਚਿਰ ਦੂਜਾ ਬੱਚਾ ਉਸ ਦੇ ਘਰ ਨਾ ਜੰਮ ਪਏ, ਮੋਏ ਹੋਏ ਬੱਚੇ ਦੀਆਂ ਹੱਡੀਆਂ ਉਹ ਆਪਣੇ ਕਲੇਜੇ ਨਾਲ ਲਾ ਕੇ ਫਿਰਦੀ ਹੈ।

ਐਵੇਂ ਨਾ ਕਿਤੇ ਆਪਣੇ ਮੁੰਡੇ ਨੂੰ ਦੇਵਤਾ ਦੇਵਤਾ ਕਹਿੰਦੀ ਰਹੀਂ। ਮੇਰੀਆਂ ਚਾਰ ਗੱਲਾਂ ਵੱਲ ਧਿਆਨ ਰੱਖੀਂ। ਪਹਿਲੀ ਗੱਲ ਇਹ ਹੈ ਕਿ ਆਪਣੇ ਪੁੱਤਰ ਦੀ ਸੰਗਤ ਦੇਖੀਂ ਕਿਨ੍ਹਾਂ ਨਾਲ ਹੈ। ਜੇਕਰ ਡਾਕਟਰਾਂ ਕੋਲ ਬੈਠਦਾ ਹੈ, ਜੇਕਰ ਇੰਜੀਨੀਅਰਾਂ ਕੋਲ ਬੈਠਦਾ ਹੈ ਤਾਂ ਸਮਝੀਂ ਮੁੰਡਾ ਤੇਰਾ ਦੇਵਤਾ ਹੈ। ਜੇਕਰ ਮੁੰਡਾ ਸਾਰਾ ਦਿਨ ਆਪਣੇ ਜੇਬ ਵਿਚੋਂ ਤਾਸ਼ ਦੇ ਪੱਤੇ ਹੀ ਫੋਲਦਾ ਰਹਿੰਦਾ ਹੈ ਤਾਂ ਐਵੇਂ ਮੁੰਡੇ ਦੀ ਤਾਰੀਫ਼ ਨਾ ਕਰੀਂ।

ਦੂਜੀ ਗੱਲ ਮੇਰੀ ਚੇਤੇ ਰੱਖੀਂ ਕਿ ਜਿਹੜੇ ਕਮਰੇ ਵਿਚ ਬੈਠ ਕੇ ਮੁੰਡਾ ਪੜ੍ਹਦਾ ਹੈ, ਉਸ ਕਮਰੇ ਵਿਚ ਧਿਆਨ ਮਾਰੀਂ। ਜੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਤਸਵੀਰ ਹੈ, ਗੁਰੂ ਅਰਜਨ ਦੇਵ ਸਾਹਿਬ ਜੀ ਦੀ ਤਸਵੀਰ ਹੈ, ਸ਼ਿਵਾਜੀ ਮਹਾਰਾਜ ਦੀ ਫੋਟੋ ਹੈ, ਬਾਬਾ ਦੀਪ ਸਿੰਘ ਜੀ ਦੀ ਤਸਵੀਰ ਹੈ ਤਾਂ ਸਮਝੀਂ ਕਿ ਤੇਰੇ ਪੁੱਤਰ ਦੇ ਖ਼ਿਆਲ ਬੜੇ ਸ਼ੁੱਧ ਹਨ। ਪਰੰਤੂ ਜੇਕਰ ਲੱਤਾ ਮੰਗੇਸ਼ਕਰ ਤੋਂ ਲੈ ਕੇ ਵੰਜਤੀ ਮਾਲਾ ਤੱਕ ਸਾਰਾ ਕੁਝ ਤੇਰੇ ਮੁੰਡੇ ਨੇ ਆਪਣੀ ਬੈਠਕ ਵਿਚ ਇਕੱਠਾ ਕੀਤਾ ਹੋਇਆ ਹੈ ਤਾਂ ਇਸ ਨੂੰ ਦੇਵਤਾ ਨਾ ਸਮਝੀਂ। ਐਵੇਂ ਨਾ ਕਹੀ ਜਾਈਂ ਕਿ ਮੇਰਾ ਮੁੰਡਾ ਬੜਾ ਚੰਗਾ ਹੈ।

ਤੀਜੀ ਗੱਲ ਮੇਰੀ ਚੇਤੇ ਰੱਖੀਂ ਕਿ ਜਿਹੜੇ ਟੇਬਲ ਉੱਤੇ ਮੁੰਡੇ ਦੀਆਂ ਕਿਤਾਬਾਂ ਪਈਆਂ ਹਨ, ਉਹਨਾਂ ਵਿਚ ਦੇਖੀਂ ਕਿ ਜੇ ਤਾਂ ਮਹਾਤਮਾ ਗੋਖਲੇ ਦਾ ਲਿਖਿਆ ਹੋਇਆ ਗੀਤਾ ਰਹੱਸ ਹੈ, ਜੇਕਰ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਦਾ ਕੀਤਾ ਹੋਇਆ ਟੀਕਾ ਤੇਰੇ ਮੁੰਡੇ ਪਾਸ ਮੌਜੂਦ ਹੈ ਤਾਂ ਸਮਝੀਂ ਕਿ ਤੇਰਾ ਮੁੰਡਾ ਦੇਵਤਾ ਹੈ, ਪਰੰਤੂ ਜੇਕਰ ਤੇਰੇ ਮੁੰਡੇ ਨੇ ਚੰਦਰਕਾਂਤਾ ਦਾ ਨਾਵਲ ਇਕੱਠਾ ਕਰਕੇ ਆਪਣੇ ਟੇਬਲ ਉੱਪਰ ਰੱਖਿਆ ਹੋਇਆ ਹੈ ਤਾਂ ਆਪਣੇ ਮੁੰਡੇ ਨੂੰ ਦੇਵਤਾ ਨਾ ਸਮਝ ਬੈਠੀਂ।

ਚੌਥੀ ਗੱਲ ਵੱਲ ਧਿਆਨ ਦੇਈਂ। ਪੈਸੇ ਦੇ ਕੇ ਕਹੀਂ ਕਿ ਕਾਕਾ, ਦਹੀਂ ਲਿਆ ਅਤੇ ਮੁੰਡੇ ਵੱਲ ਧਿਆਨ ਰੱਖੀਂ ਕਿ ਜੇਕਰ ਉਹ ਸਿੱਧਾ ਦਹੀਂ ਵਾਲੀ

ਦੁਕਾਨ 'ਤੇ ਜਾ ਕੇ ਦਹੀਂ ਲੈ ਕੇ ਘਰ ਆ ਜਾਏ ਤਾਂ ਮੁੰਡਾ ਦੇਵਤਾ ਹੈ। ਜੇ ਦਹੀਂ ਵਾਲੀ ਦੁਕਾਨ 'ਤੇ ਜਾਂਦਿਆਂ ਕਦੀ ਇੱਧਰ ਜਾ, ਕਦੀ ਉੱਧਰ ਜਾ, ਕਿਸੇ ਦੀ ਜੁੱਤੀ ਇੱਧਰ ਸੁੱਟ, ਕਿਸੇ ਦੀ ਟੋਪੀ ਲਾਹ, ਕਿਸੇ ਨੂੰ ਚਾਰ ਮਾਰ, ਕਿਸੇ ਕੋਲੋਂ ਚਾਰ ਖਾ ਕੇ ਪੈਸੇ ਗਵਾ ਕੇ ਘਰ ਆ ਵੜੇ ਤਾਂ ਫਿਰ ਉਸ ਨੂੰ ਦੇਵਤਾ ਨਾ ਸਮਝ ਬੈਠੀਂ।

ਪੁੱਤਰ, 'ਪੁ' ਦਾ ਅਰਥ ਹੈ ਨਰਕ ਤੇ 'ਤਰ' ਦਾ ਅਰਥ ਹੈ ਤਾਰਨਾ। ਪੁੱਤਰ ਦਾ ਮਤਲਬ ਇਹ ਹੈ ਕਿ ਜਿਹੜਾ ਆਪਣੇ ਵੱਡੇ ਵਡੇਰਿਆਂ ਨੂੰ ਨਰਕਾਂ ਵਿਚੋਂ ਤਾਰ ਕੇ ਪਾਰ ਕਰ ਦੇਵੇ। ਜਿਸ ਪੁੱਤਰ ਦੀ ਜ਼ਮਾਨਤ ਲਈ ਪਿਉ ਸਵੇਰੇ ਉਠਦਿਆਂ ਸਾਰ ਹੀ ਪਹਿਲਾਂ ਜ਼ਮਾਨਤੀ ਲੱਭੇ ਕਿ ਕਾਕੇ ਦੀ ਜ਼ਮਾਨਤ ਦੇ ਕੇ ਲਿਆਉ ਤਾਂ ਦੁਹਾਈ ਹੈ ਰੱਬ ਦੀ, ਉਸ ਪੁੱਤਰ ਨੂੰ ਦੇਵਤਾ ਨਾ ਸਮਝੀਂ। ਮੈਂ ਉਸ ਮਹਾਂਪੁਰਸ਼ ਦੇ ਬਚਨ ਪੜ੍ਹੇ ਹਨ। ਉਸ ਵਿਚ ਉਹ ਲਿਖਦਾ ਲਿਖਦਾ ਆਪਣੇ ਪੁੱਤਰ ਦੀਆਂ ਨਿਸ਼ਾਨੀਆਂ ਗਿਣ ਗਿਣ ਕੇ ਕਹਿੰਦਾ ਹੈ :-

ਏ ਬ੍ਰਹਮਾ, ਹਉ ਬਿਨਤੀ ਕਰਹੌਂ ਸੁਣੌ ਦੇ ਕਰਿ ਕਾਨ।
ਕਭੀ ਕਪੂਤ ਕਿਸੀ ਕੋ ਮਤ ਦੇਨਾ ਚਾਹੇ ਕਰ ਦੇ ਨਿਰਸੰਤਾਨ।

ਹੇ ਬ੍ਰਹਮਾ ! ਕਿਸੇ ਨੂੰ ਖੋਟਾ ਪੁੱਤਰ ਨਾ ਦੇਈਂ। ਪੁੱਤਰ ਦਾ ਆਗਿਆਕਾਰੀ ਹੋਣਾ, ਇਹ ਬੜੇ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।

ਰਾਜਨੀਤੀ ਵਾਲੇ ਅਨੇਕ ਸੁੱਖਾਂ ਦੇ ਮਸਲੇ ਨੂੰ ਸਾਹਮਣੇ ਰੱਖ ਕੇ ਕਹਿੰਦੇ ਹਨ ਕਿ ਜੇ ਪੁੱਤਰ ਅਗਿਆਕਾਰ ਮਿਲ ਜਾਏ ਤਾਂ ਪਹਿਲਾ ਸੁੱਖ ਮਿਲ ਗਿਆ।

ਦੂਜਾ ਸੁੱਖ ਰਾਜਨੀਤੀ ਵਾਲਿਆਂ ਨੇ ਇਹ ਚੁਣਿਆ ਕਿ ਜਿਹੜੀ ਲੜ ਲੱਗੀ ਹੈ, ਉਹ ਮਿੱਠਾ ਬੋਲਣ ਵਾਲੀ ਹੋਵੇ। ਆਦਮੀ ਸਾਰੇ ਦਿਨ ਦਾ ਥੱਕਿਆ ਹੋਇਆ ਆਵੇ, ਭੁੱਖ ਲੱਗੀ ਹੋਈ ਹੋਵੇ, ਪਿਆਸ ਨਾਲ ਮੂੰਹ ਸੁੱਕਦਾ ਜਾਂਦਾ ਹੋਵੇ, ਜਦੋਂ ਘਰ ਵਿਚ ਚਰਨ ਪਾਵੇ ਤੇ ਘਰਵਾਲੀ ਦਾ ਇਕ ਬਚਨ ਕੰਨਾਂ ਵਿਚ ਪਹੁੰਚੇ ਤਾਂ ਸਾਰੇ ਦਿਨ ਦਾ ਥਕੇਵਾਂ ਭੁੱਲ ਜਾਵੇ। ਸਾਰੇ ਦਿਨ ਦੀ ਭੁੱਖ ਮਿੱਟ ਜਾਏ। ਸਾਰੇ ਦਿਨ ਦੀਆਂ ਮੁਸੀਬਤਾਂ ਉੱਤੇ ਪਾਣੀ ਫਿਰ ਜਾਏ। ਅਜਿਹੀ ਜ਼ਿੰਦਗੀ ਦੀ ਸਾਥਣ ਮਿਲਣੀ, ਇਹ ਵੀ ਵੱਡਿਆਂ ਭਾਗਾਂ ਵਾਲੀ ਗੱਲ ਹੈ।

ਤੀਸਰਾ ਸੁੱਖ ਰਾਜਨੀਤੀ ਵਾਲਿਆਂ ਨੇ ਇਹ ਚੁਣਿਆ ਕਿ ਧਨ ਆਪਣਾ

ਹੋਵੇ। ਕਾਰੋਬਾਰ ਲਈ ਵੀ ਧਨ ਆਪਣਾ ਹੋਵੇ, ਭਾਵੇਂ ਥੋੜਾ ਹੋਵੇ, ਭਾਵੇਂ ਬਹੁਤਾ। ਸੂਦ ਉੱਪਰ ਰਕਮ ਲੈ ਕੇ ਕੰਮ ਨਾ ਕੀਤਾ ਹੋਇਆ ਹੋਵੇ।

ਚੌਥਾ ਸੁੱਖ ਰਾਜਨੀਤੀ ਵਾਲਿਆਂ ਨੇ ਇਹ ਚੁਣਿਆ ਕਿ ਮਨ ਵਿਚ ਥੋੜਾ ਸੰਤੋਸ਼ ਵੀ ਹੋਵੇ। ਰਾਜਨੀਤੀ ਕਹਿੰਦੀ ਹੈ :-

ਆਗਿਆਕਾਰੀ ਪੁੱਤਰ ਹੋਵੇ ਅਰ ਮਿੱਠ-ਬੋਲੀ ਨਾਰ।
ਧਨ ਅਪਨੋ ਸੰਤੋਸ਼ ਮਨ ਇਹ ਚਾਰ ਸਵਰਗ ਸੰਸਾਰ।


ਇਹ ਚਾਰੇ ਚੀਜ਼ਾਂ ਸੰਸਾਰ ਵਿਚ ਸਵਰਗ ਹਨ। ਜਿਸ ਕਾਇਆ ਦੇ ਅੰਦਰ ਅਨੇਕ ਰੱਸ ਹਨ, ਉਸ ਕਾਇਆ ਦੇ ਹਿਰਦੇ ਵਿਚ ਨਾਮ ਕਿਵੇਂ ਵੱਸ ਜਾਏਗਾ ? ਉਹ ਨਾਮ ਦਾ ਪੁਜਾਰੀ ਕਿਵੇਂ ਬਣ ਜਾਏ ? ਨਾਮ ਦਾ ਪੁਜਾਰੀ ਤਾਂ ਉਦੋਂ ਹੀ ਬਣਿਆ ਜਾਏਗਾ ਜਦੋਂ ਦੁਨੀਆਂ ਦੇ ਰੱਸ ਫਿੱਕੇ ਲੱਗਣਗੇ ਅਤੇ ਵਾਹਿਗੁਰੂ ਦੇ ਨਾਮ ਦਾ ਰੱਸ ਮਿੱਠਾ ਲੱਗੇਗਾ। ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਭੁੱਲ ਗਿਆ, ਜਿਨ੍ਹਾਂ ਨੂੰ ਸਤਿਗੁਰੂ ਭੁੱਲ ਗਿਆ, ਜਿਨ੍ਹਾਂ ਨੂੰ ਸਤਿਸੰਗਤ ਭੁੱਲ ਗਈ, ਉਹਨਾਂ ਨੂੰ ਕੋਈ ਵੀ ਨਹੀਂ ਪੁੱਛਦਾ। ਸਤਿਗੁਰੂ ਕ੍ਰਿਪਾ ਕਰੇ ਅਤੇ ਵਾਹਿਗੁਰੂ ਤੇਰੇ ਅੰਦਰ ਵੱਸਦਾ ਰਹੇ। ਸਤਿਗੁਰੂ ਕਹਿੰਦੇ ਹਨ—ਸਿੱਖਾ ! ਭਾਵੇਂ ਤੇਰਾ ਘਰ ਸੋਨੇ ਦਾ ਹੋਵੇ, ਸੋਨੇ ਦੀਆਂ ਕੰਧਾਂ ਹੋਣ, ਸੋਨੇ ਦੀ ਛੱਤ ਹੋਵੇ। ਤੇਰੇ ਸੋਨੇ ਦੇ ਘਰ ਵਿਚ ਚੰਦਨ ਦੀ ਖ਼ੁਸ਼ਬੂ ੨੪ ਘੰਟੇ ਮਹਿਕਦੀ ਰਹੇ। ਤੇਰੇ ਘਰ ਦੀਆਂ ਸੋਨੇ ਦੀਆਂ ਕੰਧਾਂ ਹੋਣ ਅਤੇ ਫ਼ਰਸ਼ ਵਿਚ ਮੋਤੀ ਲਾਏ ਹੋਏ ਹੋਣ। ਹੀਰੇ ਲਾਏ ਹੋਏ ਹੋਣ। ਦੀਵੇ ਲਾਏ ਹੋਏ ਹੋਣ। ਤੇਰਾ ਦੀਵਾ ਜਗਮਗ ਜਗਮਗ ਕਰੇ। ਤੇਰਾ ਘਰ ਇੰਨਾ ਸੋਹਣਾ ਹੋਵੇ ਕਿ ਭੁੱਲ ਜਾਏ ਲੋਕਾਂ ਨੂੰ ਜੰਨਤ, ਭੁੱਲ ਜਾਏ ਲੋਕਾਂ ਨੂੰ ਸਵਰਗ, ਭੁੱਲ ਜਾਏ ਲੋਕਾਂ ਨੂੰ ਸਵਰਗਪੁਰੀ। ਸੋਨੇ ਦੇ ਘਰ ਵਿਚ ਬੈਠਾ ਹੋਇਆ ਤੂੰ ਇੰਨੇ ਸੁੱਖ ਮਾਣਦਾ ਹੋਵੇਂ ਜਿਵੇਂ ਤੇਰੇ ਮਨ ਦੀ ਇੱਛਾ ਹੋਵੇ। ਸਿੱਖਾ ! ਫਿਰ ਤੇਰੀ ਕਾਇਆ ਨੂੰ ਕੋਈ ਦੁੱਖ ਦਰਦ, ਫੋੜਾ, ਫਿਨਸੀ, ਰੋਗ ਕੁਝ ਵੀ ਨਾ ਹੋਵੇ। ਕਾਇਆ ਤੇਰੀ ਕੰਚਨ ਵਰਗੀ ਨੌ-ਬਰ-ਨੌ ਹੋਵੇ। ਤੈਨੂੰ ਕਿਸੇ ਗੱਲ ਦਾ ਘਾਟਾ ਨਾ ਹੋਵੇ। ਇੰਨਾ ਕੁਝ ਪਾ ਕੇ ਵੀ ਜੇ ਤੈਨੂੰ ਵਾਹਿਗੁਰੂ ਚੇਤੇ ਨਹੀਂ ਆਇਆ ਤਾਂ ਆਪਣੇ ਆਪ ਨੂੰ ਬੰਦਾ ਨਾ ਸਮਝੀਂ, ਸਗੋਂ ਇਹ ਸਮਝੀਂ ਕਿ ਮੈਂ ਬਿਸਟੇ ਦਾ ਕੀੜਾ ਹਾਂ। ਮੈਂ ਇਕ ਗੰਦਗੀ ਦਾ ਕੀੜਾ ਹਾਂ।


ਗੁਰਮੁਖੋ ! ਨਾਮ ਤੋਂ ਬਿਨਾਂ ਪਿਆਸ ਨਹੀਂ ਬੁੱਝਣੀ। ਨਾਮ ਤੋਂ ਬਿਨਾਂ ਸ਼ਾਂਤੀ ਨਹੀਂ ਮਿਲਣੀ। ਗੁਰੂ ਦੀ ਗ਼ਰੀਬ ਨਿਵਾਜ ਸਾਧ ਸੰਗਤ ਜੀ ! ਮੇਰੀਆਂ ਅੱਜ ਦੀਆਂ ਅਨੰਤ ਭੁੱਲਾਂ ਮੇਰੀਆਂ ਜਾਣ ਕੇ ਮੈਨੂੰ ਮਾਫ਼ ਕਰ ਦੇਣੀਆਂ। ਬਚਨ ਗੁਰੂ ਦਾ ਜਾਣ ਕੇ ਅੰਦਰ ਵਸਾਉਣਾ ਤਾਂ ਕਿ ਮੇਰਾ ਤੁਹਾਡਾ ਇਹ ਸਮਾਂ ਸਫਲ ਹੋ ਜਾਏ ਅਤੇ ਅਸੀਂ ਅੰਤ ਵੇਲੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਮੁੱਖ ਉੱਜਲਾ ਲੈ ਕੇ ਜਾ ਸਕੀਏ। ਵਾਹਿਗੁਰੂ ਸਾਰਿਆਂ ਦੇ ਮਨ ਨੂੰ ਸ਼ਾਂਤੀ ਬਖ਼ਸ਼ੇ। ਸਾਰਿਆਂ ਦੇ ਕਾਰਜ ਸਫਲੇ ਕਰੇ।


ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥


☆☆☆


ਗਿ: ਮਾਨ ਸਿੰਘ ਝੌਰ ਦੇ ਚੋਣਵੇਂ ਲੇਖਾਂ ਦੀਆਂ ਹੋਰ ਪੁਸਤਕਾਂ


























ISBN 93-80323-93-0
9 789380 323930